Downloaded from https:// www.studiestoday.com

ਮੈਟ੍ਰਿਕ ਸ਼੍ਰੇਣੀਆ ਦੇ ਲਈ

# ਸੰਗੀਤ ਵਾਦਨ



ਪੰਜਾਬ ਸਕੂਲ ਸਿੱਖਿਆ ਬੋਰਡ

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੇ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਤੇ ਸਾਰੇ ਵਿਸ਼ਿਆਂ ਦੇ ਪਾਠਕ੍ਰਮ ਸੋਧ ਕਰਨ ਅਤੇ ਸੋਧੇ ਹੋਏ ਪਾਠਕ੍ਰਮ ਦੇ ਅਨੁਸਾਰ ਪਾਠ ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ (ਵਾਦਨ) ਵਿਸ਼ੇ ਦਾ ਪਾਠਕ੍ਰਮ ਕਈ ਸਾਲਾਂ ਤੋਂ ਪੁਰਾਣਾ ਹੀ ਲਾਗੂ ਸੀ। ਆਧੁਨਿਕ ਯੁੱਗ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰਖੱਦੇ ਹੋਏ ਨੈਸ਼ਨਲ ਕਰੀਕਲਮ ਫਰੇਮਵਰਕ-2005, ਪੀ.ਸੀ.ਐੱਫ 2013 ਦੀ ਸਿਫਾਰਿਸ਼ਾਂ ਨੂੰ ਮੁੱਖ ਰੱਖ ਕੇ ਅਤੇ ਉਹਨਾਂ ਦੇ ਸੁਝਾਵਾਂ ਦੇ ਅਨੁਸਾਰ ਅਕਾਦਾਮਿਕ ਸਾਲ 2014-15 ਤੋਂ ਖੇਤਰੀ ਮਾਹਿਰਾਂ ਦੇ ਸਹਿਯੋਗ ਤੋਂ ਪਾਠਕ੍ਰਮ ਵਿੱਚ ਸੋਧਾਂ ਕਰਵਾਈਆਂ ਗਈਆਂ ਹਨ। ਸੋਧੇਂ ਹੋਏ ਪ੍ਰਾਠਕ੍ਰਮ ਦੇ ਅਨੁਸਾਰ ਅਕਾਦਮੀਕ ਸਾਲ 2015-16 ਤੋਂ ਸੰਗੀਤ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ।

ਹਥਲੀ ਪਾਠ-ਪੁਸਤਕ ਨੌਂਵੀ ਅਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਪੁਸਤਕ ਦੀ ਵਿਸ਼ਾ ਵਸਤੂ ਨੂੰ ਰੋਚਕ, ਸਰਲ ਅਤੇ ਸਪਸ਼ਟ ਬਣਾਉਣ ਲਈ ਜ਼ਰੂਰੀ ਸਾਜ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ। ਵਾਦਨ ਦੇ ਅਭਿਆਸ ਦੇ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ ਤਾਂਕਿ ਵਿਦਿਆਰਥੀ ਸੰਗੀਤ ਦੇ ਕਿਰਿਆਤਮਕ ਰੂਪ ਨੂੰ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਵਿਸ਼ੇ ਦੇ ਪ੍ਰਤਿ ਰੁਚੀ ਉਤਪੰਨ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਵੇਗੀ। ਫਿਰ ਵੀ ਪੁਸਤਕ ਨੂੰ ਹੋਰ ਰੋਚਕ ਬਣਾਉਣ ਦੇ ਲਈ ਖੇਤਰ ਵਿੱਚੋਂ ਪ੍ਰਾਪਤ ਸੁਝਾਵਾਂ ਦਾ ਆਦਰ ਸਹਿਤ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ
ਪੰਜਾਬ ਸਕੂਲ ਸਿੱਖਿਆ ਬੋਰਡ



Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

## ਨੌਵੀਂ ਸ਼੍ਰੇਣੀ ਵਾਦਨ


| ਅਧਿਆਇ | ਵਿਸ਼ਾ | ਪੰਨਾ ਨੰ. |
|---|---|---|
| 1. | ਪਰਿਭਾਸ਼ਾਵਾਂ - ਸੰਗੀਤ, ਅਰੋਹ, ਅਵਰੋਹ, ਪਕੜ, ਜਾਤੀ, ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ, ਵਰਜਿਤ ਸਵਰ, ਵਿਵਾਦੀ ਸਵਰ, ਜਨਯ ਰਾਗ, ਆਸ਼ਰਯ ਰਾਗ | 1 |
| 2. | ਸਵਰ- ਸ਼ੁਧ ਸਵਰ, ਕੋਮਲ ਸਵਰ, ਤੀਵਰ ਸਵਰ | 7 |
| 3. | ਤਾਲ, ਮਾਤਰਾ, ਸਮ, ਤਾਲੀ, ਖਾਲੀ, ਵਿਭਾਗ, ਆਵਰਤਨ | 9 |
| 4. | ਵਰਣ - ਸਥਾਈ, ਅਰੋਹੀ, ਅਵਰੋਹੀ, ਸੰਚਾਰੀ | 12 |
| 5. | ਆਲਾਪ- ਆਧੁਨਿਕ ਅਲਾਪ ਦੀ ਵਾਦਨ ਦੀ ਵਿਧੀ | 14 |
| 6. | ਨਾਦ - ਅਨਾਹਤ ਨਾਦ ਅਤੇ ਆਹਤ ਨਾਦ | 16 |
| 7. | ਭਾਰਤੀ ਸੰਗੀਤ ਵਿੱਚ ਵਾਦਾਂ ਦਾ ਮਹੱਤਵ | 18 |
| 8. | ਜੀਵਨੀ - ਸ੍ਰੀਮਤੀ ਅਨਪੂਰਣਾ ਦੇਵੀ | 21 |
| 9. | ਰਾਗ - ਰਾਗ ਦੇ ਨਿਯਮ, ਜਾਤੀਆਂ, ਉਪ ਜਾਤੀਆਂ | 24 |
| 10. | ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ | 31 |
| 11. | ਅਲੰਕਾਰ - ਭੈਰਵੀ, ਕਾਫੀ, ਬਿਲਾਵਲ ਥਾਟਾਂ ਦੇ ਪੰਜ-ਪੰਜ | 35 |
| 12. | ਰਾਗ ਭੈਰਵੀ- ਜਾਣ-ਪਛਾਣ, ਆਲਾਪ, ਰਜਾਖਾਨੀ ਗਤ, ਤੋੜੇ | 38 |
| 13. | ਰਾਗ ਕਾਫੀ - ਜਾਣ-ਪਛਾਣ, ਆਲਾਪ, ਰਜਾਖਾਨੀ ਗਤ, ਤੋੜੇ | 40 |
| 14. | ਰਾਗ ਬਿਲਾਵਲ- ਜਾਣ-ਪਛਾਣ, ਆਲਾਪ, ਰਜਾਖਾਨੀ ਗਤ, ਤੋੜੇ। | 43 |
| 15. | ਤਾਲਾਂ - ਤਿੰਨ ਤਾਲ, ਝਪਤਾਲ, ਦਾਦਰਾ ਤਾਲ, ਕਹਿਰਵਾ ਤਾਲ ਜਾਣ-ਪਛਾਣ, ਇਕ ਗੁਣ, ਦੋਗੁਣ | 45 |


## ਦਸਵੀਂ ਸ਼੍ਰੇਣੀ ਵਾਦਨ


| | | |
|---|---|---|
| 1. | ਪਰਿਭਾਸ਼ਾਵਾਂ- ਸਪਤਕ, ਅਚਲ ਸਵਰ, ਚਲ ਸਵਰ, ਅਲੰਕਾਰ, ਸ਼ਰੁਤੀ, ਠਾਅ, ਦੁਗਣ, ਵਕਰ ਸਵਰ, ਝਾਲਾ, ਸਥਾਈ, ਅੰਤਰਾ | 49 |
| 2. | ਥਾਟ- ਥਾਟ ਦੇ ਨਿਯਮ, ਭਾਤਖੰਡੇ ਜੀ ਦੇ ਦਸ ਥਾਟ | 55 |
| 3. | ਤੋੜਾ- ਬਰਾਬਰ ਦਾ ਤੋੜਾ, ਦੁਗਣ ਦਾ ਤੋੜਾ, | 58 |
| 4. | ਸੰਗੀਤ ਦਾ ਸਾਜ - ਸਿਤਾਰ, ਇਤਿਹਾਸ, ਅੰਗ ਵਰਣਨ | 61 |
| 5. | ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰ ਲਿਪੀ ਅਤੇ ਤਾਲ ਲਿਪੀ ਦਾ ਵਰਣਨ | 65 |
| 6. | ਗਤ - ਮਸੀਤਖਾਨੀ ਗਤ, ਰਜਾਖਾਨੀ ਗਤ | 69 |
| 7. | ਵਾਦਕ ਦੇ ਗੁਣ ਤੇ ਦੋਸ਼ | 71 |
| 8. | ਥਾਟ ਅਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾ | 73 |




Downloaded from https:// www.studiestoday.com

Downloaded from https:// www.studiestoday.com


| ਅਧਿਆਇ | ਵਿਸ਼ਾ | ਪੰਨਾ ਨੰ. |
|---|---|---|
| 9. | ਪੰਜਾਬ ਦੇ ਲੋਕ ਸਾਜ | 75 |
| 10. | ਜੀਵਨੀ -"ਨਿਖਿਲ ਬੈਨਰਜੀ" | 83 |
| 11. | ਰਾਗ ਭੂਪਾਲੀ- ਜਾਣ-ਪਛਾਣ, ਆਲਾਪ, ਰਜਾਖਾਨੀ ਗਤ, ਮਸੀਤਖਾਨੀ ਗਤ, ਤੋੜੇ | 86 |
| 12. | ਰਾਗ ਖਮਾਜ - ਜਾਣ-ਪਛਾਣ, ਆਲਾਪ, ਮਸੀਤਖਾਨੀ ਗਤ, ਰਜਾਖਾਨੀ ਗਤ, ਤੋੜੇ | 90 |
| 13. | ਰਾਗ ਭੈਰਵ - ਜਾਣ-ਪਛਾਣ, ਆਲਾਪ, ਰਜਾਖਾਨੀ ਗਤ, ਤੋੜੇ | 94 |
| 14. | ਤਾਲਾਂ -ਇਕ ਤਾਲ, ਰੂਪਕ ਤਾਲ, ਚੋਤਾਲ ਦੀ ਇਕ ਗੁਣ, ਦੁਗਣ | 97 |
| 15. | ਧੁਨ- ਰਾਗ ਭੂਪਾਲੀ, ਖਮਾਜ | 99 |
| 16. | ਰਾਸ਼ਟਰੀ ਗਾਨ | 101 |
| 17. | ਰਾਗਾਂ ਦਾ ਚਾਰਟ | 104 |
| 18. | ਤਾਲਾਂ ਦੀ ਦੁਗੱਣ | 105 |




Downloaded from https:// www.studiestoday.com

Downloaded from https:// www.studiestoday.com

# ਨੌਂਵੀ ਸ਼੍ਰੇਣੀ ਲਈ



Downloaded from https:// www.studiestoday.com

Downloaded from https:// www.studiestoday.com

## ਪਾਠ-1

# ਪਰਿਭਾਸ਼ਾਵਾਂ

### (1) ਸੰਗੀਤ —

ਸੰਗੀਤ ਸ਼ਬਦ ਸੰ+ਗੀ+ਤ ਤੋਂ ਬਣਿਆ ਹੈ ਜਿਸ ਦਾ "ਸੰ" ਦਾ ਅਰਥ ਹੋ ਸਵਰ, "ਗੀ" ਦਾ ਅਰਥ ਹੈ ਗਿਆਨ ਅਤੇ "ਤ" ਦਾ ਅਰਥ ਹੈ ਤਾਲ। ਇਸ ਤਰ੍ਹਾਂ ਸਵਰ, ਗਿਆਨ ਅਤੇ ਤਾਲ ਦੇ ਸਹਿਯੋਗ ਨਾਲ ਸੰਗੀਤ ਬਣਿਆ। ਭਾਰਤੀ ਸੰਗੀਤ ਵਿੱਚ ਤਿੰਨ ਕਲਾਵਾਂ ਆ ਜਾਂਦੀਆਂ ਹਨ ਗਾਇਨ, ਵਾਦਨ ਤੇ ਨਰਿਤ। ਇਹਨਾਂ ਤਿੰਨੋ ਕਲਾਵਾਂ ਦੇ ਸੰਗਮ ਨੂੰ ਹੀ ਸੰਗੀਤ ਕਹਿੰਦੇ ਹਨ। ਸੰਗੀਤ ਵਿਚ ਸਵਰ, ਭਾਸ਼ਾ, ਤਾਲ ਅਤੇ ਲੈਅ ਦਾ ਸਮਾਵੇਸ਼ ਹੁੰਦਾ ਹੈ ਇਸ ਲਈ ਇਹਨਾਂ ਚਾਰਾਂ ਦੇ ਮਿਲਵੇ ਰੂਪ ਨੂੰ ਹੀ ਸੰਗੀਤ ਕਹਿੰਦੇ ਹਨ।

"ਸੰਗੀਤ ਦਰਪਣ" ਦੇ ਰਚਇਤਾ ਦਮੋਦਰ ਪੰਡਿਤ ਸੰਗੀਤ ਦਾ ਜਨਮ ਬ੍ਰਹਮਾ ਦੁਆਰਾ ਮੰਨਦੇ ਹਨ। ਬ੍ਰਹਮਾ ਨੇ ਇਹ ਅੱਗੋ ਕਲਾਂ ਸ਼ਿਵਜੀ ਨੂੰ ਦਿੱਤੀ ਤੇ ਸ਼ਿਵਜੀ ਤੋਂ ਇਹ ਕਲਾ ਸਰਸਵਤੀ ਜੀ ਨੂੰ ਪ੍ਰਾਪਤ ਹੋਈ ਇਸ ਲਈ ਸਰਸਵਤੀ ਜੀ ਨੂੰ "ਵੀਣਾ ਪੁਸਤਕ ਧਾਰਣੀ" ਕਹਿੰਦੇ ਹਨ। ਫਿਰ ਇਹ ਸ਼ਿਕਸ਼ਾ ਸਰਸਵਤੀ ਜੀ ਨੇ ਨਾਰਦ ਜੀ ਨੂੰ ਦਿੱਤੀ ਜਿਹਨਾਂ ਨੇ ਸਵਰਗ ਲੋਕ ਦੀਆਂ ਅਪਸਰਾਵਾਂ ਨੂੰ ਸੰਗੀਤ ਸਿਖਾਇਆ ਤੇ ਧਰਤੀ ਤੇ ਆਏ। ਆਪ ਨੇ ਰਿਸ਼ੀ ਮੁਨੀਆਂ ਨੂੰ ਵੀ ਸੰਗੀਤ ਸਿਖਾਇਆ।

ਆਦਿ ਕਾਲ ਤੋਂ ਹੀ ਮਨੁੱਖ ਨੇ ਮਧੁਰ ਧੁਨੀਆਂ ਦੀ ਪਹਿਚਾਣ ਬਹੁਤ ਬਰੀਕੀ ਨਾਲ ਕਰਨੀ ਸ਼ੁਰੂ ਕਰ ਦਿੱਤੀ ਜਦੋਂ ਉਹ ਬਾਸਾਂ ਦੀਆਂ ਮੋਰੀਆਂ ਵਿੱਚੋਂ ਆਵਾਜ ਸੁਣਦਾ ਤਾਂ ਉਸ ਨੂੰ ਲੈਅ ਵਿੱਚ ਨਿਕਲਦੀ ਧੁਨੀ ਵਿੱਚ ਸੰਗੀਤ ਸੁਣਦਾ ਇਸ ਤਰ੍ਹਾਂ ਉਹ ਸੰਗੀਤ ਦੀ ਸਿਰਜਣਾ ਕਰਨ ਲੱਗ ਪਿਆ। ਉਹ ਆਪ ਤਾ ਗਾਉਣ ਲੱਗਾ ਪ੍ਰੰਤੂ ਜਦੋਂ ਉਸ ਨੇ ਭਿੰਨ-ਭਿੰਨ ਵਸਤੂਆਂ ਨੂੰ ਆਪਸ ਵਿੱਚ ਵਜਾਏ ਸੰਗੀਤ ਦੀਆਂ ਧੁਨੀਆਂ ਕੱਢੀਆ ਤਾਂ ਇਹਨਾਂ ਧੁਨੀਆ ਨਾਲ ਉਸ ਨੇ ਲੈਅ ਤੇ ਤਾਲ ਦੇ ਸਹਾਰੇ ਆਪਣੇ ਸ਼ਰੀਰ ਨੂੰ ਵੀਂ ਨਚਾਣਾ ਸ਼ੁਰੂ ਕਰ ਦਿੱਤਾ ਇਸੀ ਤਰ੍ਹਾਂ ਇਸੀ ਆਧਾਰ ਤੇ ਗਾਇਨ ਵਾਦਨ ਤੇ ਨਰਿਤ ਇਹਨਾਂ ਤਿੰਨੋ ਕਲਾਵਾ ਦਾ ਜਨਮ ਹੋਇਆ।

ਸੰਗੀਤ ਇਕ ਅਜਿਹੀ ਕਲਾ ਹੈ ਜਿਸ ਵਿੱਚ ਅਸੀਂ ਬਾਹਰੀ ਸਾਧਨਾ ਨੂੰ ਪ੍ਰਯੋਗ ਕਰਨ ਤੋਂ ਬਿਨਾ ਆਪਣੇ ਮੰਨ ਦੇ ਭਾਵਾ ਦੀ ਪੇਸ਼ਕਾਰੀ ਕਰ ਸਕਦੇ ਹਾਂ। ਸੰਗੀਤ ਦੀਆਂ ਤਿੰਨ ਕਲਾਵਾ ਹਨ ਪਹਿਲੀ ਗਾਇਨ, ਗਾਇਨ ਉਸ ਸੰਗੀਤ ਨੂੰ ਕਹਿੰਦੇ ਹਨ ਜਦੋਂ ਅਸੀਂ ਸੁਰ ਤੇ ਲੈਅ ਦੇ ਨਾਲ ਆਪਣੇ ਕੰਠ ਦੁਆਰਾ ਕੁਝ ਗਾਉਂਦੇ ਹਾਂ ਇਸ ਸੰਗੀਤ ਦੇ ਅੰਤਰਗਤ ਸ਼ਾਸ਼ਤਰੀ ਸੰਗੀਤ, ਲੋਕ ਸੰਗੀਤ, ਸੁਗਮ ਸੰਗੀਤ ਆਦਿ ਆਉਂਦੇ ਹਨ। ਦੂਸਰਾ ਸੰਗੀਤ ਹੈ ਵਾਦਨ, ਜਦੋਂ ਅਸੀਂ ਕਿਸੀ ਵੀ ਸਾਜ ਤੇ ਸੁਰ ਤੇ ਲੈਅ ਨਾਲ ਵਜਾਉਂਦੇ ਹਾਂ ਉਹ ਵਾਦਨ ਸੰਗੀਤ ਹੈ ਇਸ ਸੰਗੀਤ ਦੇ ਅੰਤਰਗਤ, ਵਿੱਕਲ ਵਾਦਨ, ਵਰਿੰਦ ਵਾਦਨ ਆਉਂਦੇ ਹਨ। ਤੀਸਰਾ ਸੰਗੀਤ ਹੈ ਨਰਿਤ, ਜਦੋਂ ਅਸੀਂ ਆਪਣੇ ਸ਼ਰੀਰ ਦੇ ਅੰਗਾ ਦੁਆਰਾ ਜਾਂ ਹੱਥ ਦੀਆਂ ਮੁਦਰਾਵਾਂ ਨੂੰ ਸੁਰ ਤੇ ਲੈਅ ਨਾਲ ਪ੍ਰਦਰਸ਼ਨ ਕਰਦੇ ਹਾਂ ਉਹ ਨਰਿਤ ਸੰਗੀਤ ਹੈ ਨਰਿਤ ਸੰਗੀਤ ਦੇ ਅੰਤਰਗਤ ਸ਼ਾਸਤਰੀ ਨਰਿਤ, ਸੁਗਮ ਨਰਿਤ ਅਤੇ ਲੋਕ ਨਰਿਤ ਆਉਂਦੇ ਹਨ। ਇਹ ਤਿੰਨੋ ਕਲਾਵਾਂ ਇਕ ਦੂਸਰੇ ਤੇ ਅਧਾਰਿਤ ਹਨ।



Downloaded from https:// www.studiestoday.com

Downloaded from https:// www.studiestoday.com

ਸਾਰਗਦੇਵ ਨੇ ਆਪਣੀ ਪੁਸਤਕ 'ਸੰਗੀਤ ਰਤਨਾਕਰ" ਵਿਚ ਲਿਖਿਆ ਹੈ ਕਿ ਗਾਇਨ, ਵਾਦਨ ਅਤੇ ਨਰਿਤ ਵਿਹਨਾ ਤਿੰਨੋ ਕਲਾਵਾਂ ਤੋਂ ਜੋ ਕਲਾ ਉਤਪੰਨ ਹੁੰਦੀ ਹੈ ਉਹ ਹੀ ਸੰਗੀਤ ਹੈ ਭਰਤ ਮੁੰਨੀ ਜੀ ਨੇ ਸ਼ਾਰਗਦੇਵ ਦੀ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਸੀ ਅਤੇ ਇਹਨਾਂ ਤਿੰਨੋ ਕਲਾਵਾਂ ਦਾ ਵਰਣਨ ਉਹਨਾਂ ਨੇ ਆਪਣੇ ਗ੍ਰੰਥ ਵਿਚ ਕੀਤਾ ਸੰਗੀਤ ਹੀ ਐਸੀ ਕਲਾ ਹੈ ਜਿਸ ਦੁਆਰਾ ਮਨੁੱਖ ਲੋਕਿਕ ਅਤੇ ਪਰਲੋਕਿਕ ਸੁਖ ਅਤੇ ਸ਼ਾਂਤੀ ਨੂੰ ਮਾਣ ਸਕਦਾ ਹੈ ਇਸ ਲਈ ਸੰਗੀਤ ਨੂੰ ਉੱਚੀ-ਸੁੱਚੀ ਤੇ ਮਧੁਰ ਕਲਾਂ ਦਾ ਖਿਤਾਬ ਦਿੱਤਾ ਗਿਆ ਹੈ।

**(ii) ਅਰੋਹ—**

ਨੀਵੇ ਸਵਰ ਤੋਂ ਉਪਰ ਦੇ ਸਵਰ ਤੱਕ ਚੜਨ ਨੂੰ ਭਾਵ ਸਵਰਾਂ ਦੇ ਚੜਦੇ ਕ੍ਰਮ ਨੂੰ ਅਰੋਹ ਕਹਿੰਦੇ ਹਨ।ਜਿਵੇ ਸਾ ਰੇ ਗ ਮ ਪ ਧ ਨੀ।"ਮਤੰਗ ਮੁੰਨੀ" ਦਾ ਕਹਿਣਾ ਹੈ ਅਰੋਹ ਸਵਰਾਂ ਦੇ ਚੜਦੇ ਕ੍ਰਮ ਨੂੰ ਕਹਿੰਦੇ ਹਨ ਚਾਹੇ ਉਹ ਸਵਰ ਨਿਯਮਿਤ ਹੋਣ ਜਾ ਨਾਂ ਮਤਲਵ ਜ਼ਰੂਰੀ ਨਹੀਂ ਅਰੋਹ ਦੇ ਸਵਰਾਂ ਵਿੱਚ ਕ੍ਰਮ ਹੋਵੇ।ਗਾਨ ਦੇ ਚਲਨ ਅਨੁਸਾਰ ਸੁਰਾ ਦੀ ਉੱਚੀ ਆਵਾਜ ਦੀ ਤਰਫ ਸੁਰਾ ਦੇ ਚੜਦੇ ਕ੍ਰਮ ਵਿਚ ਗਾਣ-ਵਜਾਣ ਨੂੰ ਹੀ ਅਰੋਹ ਕਹਿੰਦੇ ਹਨ।ਆਰੋਹ ਦਾ ਕ੍ਰਮ ਕੇਵਲ ਮੱਧ ਸਪਤਕ ਹੀ ਰਹਿੰਦਾ ਹੈ ਕਿਉਂਕਿ ਅਰੋਹ ਇਕ ਆਧੁਨਿਕ ਲਕਸ਼ਣ ਹੈ:

**(iii) ਅਵਰੋਹ —**

ਸਵਰਾ ਦੇ ਉੱਤਰ ਦੇ ਕ੍ਰਮ ਨੂੰ ਅਸੀਂ ਅਵਰੋਹ ਕਹਿੰਦੇ ਹਾਂ ਭਾਵ ਉਪਰ ਤੋਂ ਨੀਵੇ ਸਵਰਾਂ ਨੂੰ ਕਹਿਣਾ ਹੀ ਅਵਰੋਹ ਕਹਾਉਂਦਾ ਹੈ।ਅਵਰੋਹ ਦਾ ਚਲਨ ਤਾਰ ਸੱਪਤਕ ਦੇ ਸੁਰ ਤੋਂ ਸ਼ੁਰੂ ਹੁੰਦਾ ਹੈ ਅਵਰੋਹ ਵਿੱਚ ਵੀ ਜਰੂਰੀ ਨਹੀਂ ਸਵਰਾ ਦਾ ਨਿਯਮਿਤ ਕ੍ਰਮ ਹੋਵੇ।ਜਿਵੇਂ ਸਾਂ ਨੀ ਧ ਪ ਮ ਗ ਰੇ ਸ ਸਵਰਾ ਦੇ ਵਕਰ ਰੂਪ ਵੀ ਆ ਸਕਦਾ ਹੈ।

**(iv) ਪਕੜ —**

ਸੰਗੀਤ ਦੇ ਹਰ ਰਾਗ ਵਿੱਚ ਕੁੱਝ ਸ਼ੁਰੂ ਸਮੂਹ ਐਸੇ ਹੁੰਦੇ ਹਨ ਜਿਹਨਾਂ ਸੁਰ ਸਮੂਹਾ ਨੂੰ ਗਾਉਣ ਜਾ ਵਜਾਉਣ ਤੇ ਸਾਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਰਾਗ ਗਾਇਆ ਜਾ ਵਜਾਇਆ ਜਾ ਰਿਹਾ ਹੈ।ਸੰਗੀਤ ਵਿੱਚ ਇਹਨਾਂ ਸੁਰ ਸਮੂਹ ਨੂੰ ਹੀ ਪਕੜ ਕਿਹਾ ਜਾਂਦਾ ਹੈ ਰਾਗ ਵਿਚ ਅਰੋਹ ਤੇ ਅਵਰੋਹ ਕਹਿਣ ਤੋਂ ਬਾਅਦ ਰਾਗ ਦੀ ਪਕੜ ਗਾਈ ਜਾ ਵਜਾਈ ਜਾਂਦੀ ਹੈ।ਪਕੜ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਹੜੇ ਸਵਰ ਤੇ ਕਿੰਨਾ ਰਿਆਸ ਕਰਨਾ, ਉਸਦੀ ਚਾਲ ਕਿਸ ਤਰ੍ਹਾਂ ਦੀ ਪਕੜ ਤੋਂ ਹੀ ਰਾਗ ਦੇ ਮੁੱਖ ਅੰਗ ਦਾ ਪਤਾ ਲਗ ਜਾਂਦਾ ਹੈ।ਜੇਕਰ ਅਸੀਂ ਕੋਈ ਰਾਗ ਵਜਾ ਰਹੇ ਹਾ ਜਾ ਗਾ ਰਹੇ ਹਾਂ ਜੇਕਰ ਅਸੀਂ ਕੋਈ ਹੋਰ ਰਾਗ ਗਾਉਣਾ ਜਾ ਵਜਾਉਣਾ ਹੋਵੇ ਤਾਂ ਅਸੀਂ ਪਹਿਲਾ ਰਾਗ ਦੀ ਪਕੜ ਗਾਵਾਂਗੇ ਜਿਸ ਤੋਂ ਸੁਨਣ ਵਾਲਿਆ ਨੂੰ ਪਤਾ ਲੱਗ ਜਾਂਦਾ ਹੈ ਰਾਗ ਬਦਲ ਗਿਆ ਹੈ ਤਾਂ ਅਸੀਂ ਝਟ ਪਹਿਚਾਣ ਜਾਵਾਗੇ ਕਿ ਹੁਣ ਫਲਾਣਾ ਰਾਗ ਵਜ ਰਿਹਾ ਹੈ ਜਾ ਗਾਇਆ ਜਾ ਰਿਹਾ ਰਾਗ ਦੇ ਸ਼ੁਧ ਰੂਪ ਨੂੰ ਸਿੱਖਣ ਤੋਂ ਪਹਿਲਾਂ ਸਾਨੂੰ ਰਾਗ ਦੀ ਪਕੜ ਸਿੱਖਣੀ ਜਰੂਰੀ ਹੈ।

**(v) ਜਾਤੀ —**

ਰਾਗ ਦੀ ਜਾਤੀ ਤੋਂ ਭਾਵ ਰਾਗ ਵਿੱਚ ਲੱਗਣ ਵਾਲੇ ਸੁਰਾਂ ਦੀ ਗਿਣਤੀ ਹੈ।ਰਾਗ ਦੇ ਨਿਯਮ ਅਨੁਸਾਰ ਰਾਗ ਵਿੱਚ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸੁਰਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਸ ਲਈ ਰਾਗ ਦੀ ਅਰੋਹੀ-ਅਵਰੋਹੀ ਵਿੱਚ ਜੋ ਸੁਰ ਲੱਗਦੇ ਹਨ ਉਹਨਾਂ ਦੇ ਆਧਾਰ ਤੇ ਰਾਗ ਦੀਆਂ ਜਾਤੀਆ ਨਿਸ਼ਚਿਤ ਹੁੰਦੀਆ



Downloaded from https:// www.studiestoday.com

Downloaded from https:// www.studiestoday.com

ਹਨ ਇਹਨਾਂ ਜਾਤੀਆ ਕਾਰਨ ਹੀ ਰਾਗ ਵਿਚ ਦੂਜੇ ਤੋਂ ਅਲੱਗ ਪਹਿਚਾਣਿਆ ਜਾਂਦਾ ਹੈ : ਰਾਗ ਦੀਆਂ ਹੱਥ ਤਿੰਨ ਜਾਤੀਆਂ ਹਨ :

(1) ਸੰਪੂਰਣ

(2) ਸਾੜਵ

(3) ਔੜਵ

**(1) ਸੰਪੂਰਣ**—ਜਿਸ ਰਾਗ ਵਿੱਚ ਪੂਰੇ ਸੱਤ ਸੁਰ ਲੱਗਦੇ ਹਨ ਉਹ ਸੰਪੂਰਣ ਜਾਤੀ ਕਹਾਉਂਦੀ ਹੈ।

**(2) ਸ਼ਾੜਵ**—ਜਿਸ ਰਾਗ ਵਿੱਚ ਛੇ ਸੁਰ ਲੱਗਦੇ ਹਨ ਉਹ ਸ਼ਾੜਵ ਜਾਤੀ ਕਹਾਉਂਦੀ ਹੈ।

**ਔੜਵ**—ਜਿਸ ਰਾਗ ਵਿੱਚ ਪੰਜ ਸੁਰ ਲਗਦੇ ਹਨ ਉਹ ਔੜਵ ਜਾਤੀ ਕਹਾਉਂਦੀ ਹੈ।

**(vi) ਵਾਦੀ ਸਵਰ —**

ਵਾਦੀ ਸਵਰ ਤੋਂ ਭਾਵ ਹੈ ਵਾਦ ਅਰਥਾਤ ਬੋਲਣਾ, ਇਸ ਲਈ ਰਾਗ ਵਿੱਚ ਬਹੁਤ ਬੋਲਣ ਵਾਲੇ ਸੁਰ ਨੂੰ ਵਾਦੀ ਸਵਰ ਕਹਿੰਦੇ ਹਨ। ਇਹ ਰਾਗ ਦਾ ਮੁੱਖ ਸਵਰ ਹੁੰਦਾ ਹੈ। ਰਾਗ ਦੀ ਸਮੁੱਚੀ ਸੁੰਦਰਤਾ ਇਸ ਸਵਰ ਤੇ ਹੀ ਰਹਿੰਦੀ ਹੈ। ਇਸ ਲਈ ਇਸ ਨੂੰ ਰਾਗ ਦਾ ਪ੍ਰਧਾਨ ਸਵਰ, ਜੀਵ ਸਵਰ, ਅੰਸ਼ ਸਵਰ ਵੀ ਕਿਹਾ ਜਾਂਦਾ ਹੈ ਭਰਤ ਮੁੰਨੀ ਜੀ ਦਾ ਕਹਿਣਾ ਹੈ "धी वदांश स तथा वादी" ਭਾਵ ਜਿਹੜਾ ਸਵਰ ਅੰਸ਼ ਹੋ ਉਹ ਵਾਦੀ ਸਵਰ ਵੀ ਹੈ।

ਰਾਗ ਵਿੱਚ ਇਸ ਸਵਰ ਦਾ ਬਾਰ-ਬਾਰ ਪ੍ਰਯੋਗ ਕੀਤਾ ਜਾਂਦਾ ਹੈ ਰਾਗ ਦੇ ਵਾਦੀ ਸਵਰ ਤੋਂ ਹੀ ਰਾਗ ਦੇ ਗਾਉਣ-ਵਜਾਉਣ ਦਾ ਸਮਾਂ ਨਿਸ਼ਚਿਤ ਹੁੰਦਾ ਹੈ। ਜਿਵੇ ਸਾ ਰੇ ਗਾ ਮ ਪ ਸਵਰ ਪੂਰਵਾਗ ਵਾਦੀ ਅਰਥਾਤ 12 ਵਜੇ ਦਿਨ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਇਹਨਾਂ ਦਾ ਗਾਉਣ ਵਜਾਉਣ ਦਾ ਸਮਾਂ ਹੁੰਦਾ ਹੈ। ਭੂਪਾਲੀ ਰਾਗ ਦਾ ਵਾਦੀ ਸਵਰ ਗ (ਗੰਧਾਰ) ਹੈ ਇਸ ਲਈ ਇਸ ਰਾਗ ਦਾ ਨਿਸ਼ਚਿਤ ਗਾਉਣ ਵਜਾਉਣ ਦਾ ਸਮਾਂ 12 ਵਜੇ ਦਿਨ ਤੋਂ 12 ਵਜੇ ਦੇ ਰਾਤ ਦੇ ਵਿੱਚ ਹੀ ਹੋਵੇਗਾ। ਰਾਗ ਦੇ ਅਲਾਪ ਵਿੱਚ ਵੀ ਵਾਦੀ ਸਵਰ ਦਾ ਬਹੁਤ ਮਹੱਤਵ ਹੈ ਕਿਉਂਕਿ ਰਾਗ ਦੇ ਅਲਾਪ ਤੋਂ ਹੀ ਰਾਗ ਦੇ ਵਾਦੀ ਸਵਰ ਦਾ ਪਤਾ ਚਲ ਜਾਂਦਾ ਹੈ। ਭਾਵ ਰਾਗ ਵਿਚ ਜਿਸ ਸੁਰ ਦਾ ਪ੍ਰਯੋਗ ਬਾਰ-ਬਾਰ ਕਰਦੇ ਹਾ ਅਤੇ ਜਿਸ ਸੁਰ ਤੇ ਜਿਆਦਾ ਠਹਿਰਦੇ ਹਾ ਉਸ ਨੂੰ ਵਾਦੀ ਸਵਰ ਕਹਿੰਦੇ ਹਨ। ਇਸ ਲਈ ਵਾਦੀ ਸਵਰ ਹੀ ਰਾਗ ਦੇ ਸਰੂਪ ਨੂੰ ਸਥਾਪਿਤ ਕਰਨ ਵਿੱਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦਾ ਹੈ।

**(vii) ਸੰਵਾਦੀ ਸਵਰ —**

ਰਾਗ ਵਿੱਚ ਲਗਣ ਵਾਲੇ ਸੁਰਾ ਤੋਂ ਜਿਆਦਾ ਪਰ ਵਾਦੀ ਸੁਰ ਤੋਂ ਘੱਟ ਪ੍ਰਯੋਗ ਹੋਣ ਵਾਲੇ ਸੁਰ ਨੂੰ ਸੰਵਾਦੀ ਸੁਰ ਕਹਿੰਦੇ ਹਨ ਵਾਦੀ ਸੁਰ ਤੇ ਸੰਵਾਦੀ ਸੁਰਾਂ ਵਿੱਚ ਆਪਸੀ ਸੰਵਾਦ ਸ਼ੜਜ-ਪੰਚਮ ਸ਼ੜਜ ਮੱਧਮ ਰਹਿੰਦਾ ਹੈ। ਸੰਵਾਦੀ ਸਵਰ ਹਮੇਸ਼ਾ ਉਤਰਾਂਗ ਵਿੱਚ ਭਾਵ ਪ ਧ ਨੀ ਸਾ ਵਿੱਚ ਹੁੰਦਾ ਹੈ ਜੇਕਰ ਕਿਸੇ ਰਾਗ ਵਿੱਚ ਸ ਸੁਰ ਵਾਦੀ ਹੈ ਤਾ ਉਸ ਦਾ ਪੰਜਵਾ ਸੁਰ ਭਾਵ ਪ ਸੁਰ ਸੰਵਾਦੀ ਹੋਵੇਗਾ। ਆਚਾਰਿਆ ਬ੍ਰਹਮਪਤੀ ਨੇ ਠੀਕ ਹੀ ਕਿਹਾ ਹੈ "ਕਿਸੇ ਇਕ ਸਵਰ ਦੇ ਵਾਦੀ ਬਣ ਜਾਣ ਤੇ ਉਸ ਰਾਗ ਦਾ ਸੰਵਾਦੀ ਸੁਰ ਆਪ ਹੀ ਮਿਲ ਜਾਂਦਾ ਹੈ" ਸੰਵਾਦੀ ਸੁਰ ਨੂੰ ਇਸ਼ਟ ਸੁਰ ਵੀ ਕਿਹਾ ਜਾਂਦਾ ਹੈ ਕਿਉਂਕਿ ਜਦੋਂ ਇਹਨਾਂ ਨੂੰ ਛੇੜਿਆ ਜਾਂਦਾ ਹੈ ਤਾਂ ਇਹ ਬਹੁਤ ਹੀ ਮੰਨਮੋਹਕ ਲਗਦੇ ਹਨ।



Downloaded from https:// www.studiestoday.com

Downloaded from https:// www.studiestoday.com

### (viii) ਅਨੁਵਾਦੀ ਸਵਰ —

ਰਾਗ ਦਾ ਇਕ ਨਿਯਮ ਹੈ ਕਿ ਰਾਗ ਵਿੱਚ ਘੱਟ ਤੋਂ ਘੱਟ ਪੰਜ ਤੇ ਵੱਧ ਤੋਂ ਵੱਧ ਸੱਤ ਸਵਰ ਲਗਦੇ ਹਨ। ਵਾਦੀ ਸੁਰ ਤੇ ਸੰਵਾਦੀ ਸੁਰਾ ਨੂੰ ਛੱਡ ਕੇ ਰਾਗ ਵਿੱਚ ਬਾਕੀ ਸੁਰ ਰਾਗ ਦੀ ਮੱਦਦ ਲਈ ਰਹਿੰਦੇ ਹਨ ਇਹਨਾਂ ਸੁਰਾਂ ਨੂੰ ਹੀ ਅਨੁਵਾਦੀ ਸੁਰ ਕਿਹਾ ਜਾਂਦਾ ਹੈ ਜਿਵੇਂ ਰਾਗ ਭੁਪਾਲੀ ਵਿੱਚ ਵਾਦੀ ਗ (ਗੰਧਾਰ) ਤੇ ਸੰਵਾਦੀ ਸੁਰ ਧ (ਧੈਵਲ) ਬਾਕੀ ਬਚੇ ਸੁਰ ਸ, ਰੇ, ਪ ਸੁਰ ਅਨੁਵਾਦੀ ਸੁਰ ਹਨ। ਰਾਗ ਵਿੱਚ ਅਨੁਵਾਦੀ ਸੁਰਾਂ ਦੀ ਬਹੁਤ ਮਹੱਤਵਪੂਰਨ ਜਗਾਂ ਹੈ ਕਿਉਂਕਿ ਰਾਗ ਵਿੱਚ ਇਹਨਾਂ ਸੁਰਾ ਤੇ ਚਗੇਰ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਨੁਵਾਦੀ ਸੁਰਾਂ ਨਾਲ ਰਾਗ ਦੀ ਸੋਭਾ ਵਧਦੀ ਹੈ ਜਦੋਂ ਇਹਨਾਂ ਸੁਰਾ ਨੂੰ ਵਾਦੀ ਸੁਰ ਤੇ ਸੰਵਾਦੀ ਸੁਰ ਨਾਲ ਛੇੜਿਆ ਜਾਂਦਾ ਹੈ ਤਾਂ ਇਹ ਬਹੁਤ ਹੀ ਚੰਗੇ ਲਗਦੇ ਹਨ।

### (ix) ਵਰਜਿਤ ਸਵਰ —

ਜਿਹਨਾਂ ਸੁਰਾਂ ਦੀ ਰਾਗ ਵਿੱਚ ਲੱਗਣ ਦੀ ਮਨਾਹੀ ਹੁੰਦੀ ਹੈ ਉਹ ਵਰਜਿਤ ਸੁਰ ਕਹਾਉਂਦੇ ਹਨ। ਜਿਵੇਂ ਰਾਗ ਭੁਪਾਲੀ ਵਿੱਚ ਮ (ਮਧਯਮ) ਸੁਰ ਤੇ ਨੀ (ਨੀਸ਼ਾਦ) ਸੁਰ ਵਰਜਿਤ ਹਨ। ਇਹ ਦੋਨੋਂ ਸੁਰ ਰਾਗ ਭੁਪਾਲੀ ਵਿੱਚ ਸਹੀ ਪ੍ਰਯੋਗ ਕੀਤੇ ਜਾਂਦੇ। ਵਰਜਿਤ ਸੁਰਾ ਦੇ ਆਧਾਰ ਤੇ ਹੀ ਰਾਗ ਦੀਆਂ ਜਾਤੀਆਂ ਬਣਦੀਆਂ ਹਨ। ਕਈ ਬਾਰ ਕੋਈ ਸੁਰ ਅਰੋਹ ਵਿੱਚ ਵਰਜਿਤ ਹੁੰਦਾ ਹੈ ਪਰ ਅਵਰੋਹ ਵਿਚ ਉਸ ਸੁਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਅਰੋਹ ਵਿਚ ਇਕ ਸੁਰ ਵਰਜਿਤ ਹੋਣ ਨਾਲ ਰਾਗ ਦੀ ਜਾਤੀ ਸ਼ਾੜਵ-ਸੰਪੂਰਨ ਬਣ ਜਾਵੇਗੀ। ਰਾਗ ਵਿੱਚ ਕਦੇ ਵੀ ਇਕੱਠੇ ਦੋ ਸੁਰ ਵਰਜਿਤ ਨਹੀਂ ਹੋ ਸਕਦੇ। ਵਰਜਿਤ ਸੁਰ ਰਾਗ ਵਿਚ ਨਾ ਤਾ ਸਿੱਧੇ ਰੂਪ ਵਿੱਚ ਨਾ ਵਿਵਾਦੀ ਸੁਰ ਦੇ ਰੂਪ ਵਿੱਚ ਵਰਤੇ ਜਾ ਸਕਦੇ ਹਨ।

### (x) ਵਿਵਾਦੀ ਸਵਰ —

ਜਿਸ ਤਰ੍ਹਾਂ ਸ਼ਬਦ ਤੋਂ ਹੀ ਸ਼ਪਸ਼ਟ ਹੋ ਜਾਂਦਾ ਹੈ ਵਿਵਾਦ ਪੈਦਾ ਕਰਨਾ। ਰਾਗ ਵਿੱਚ ਪ੍ਰਯੋਗ ਹੋਣ ਵਾਲਾ ਸੁਰ ਜਿਸ ਨੂੰ ਪ੍ਰਯੋਗ ਹਿੱਤ ਸਾਰੇ ਵਿਦਵਾਨਾ ਦੀ ਇੱਕ ਮੱਤ ਨਾ ਹੋਵੇ। ਜਾ ਇਸ ਸੁਰ ਦਾ ਪ੍ਰਯੋਗ ਕੇਵਲ ਰੰਜਕਤਾ, ਵਚਿਤਰਤਾ ਵਧਾਉਣ ਲਈ ਬਹੁਤ ਘੱਟ ਸਮੇਂ ਲਈ ਰਾਗ ਵਿੱਚ ਕੀਤਾ ਜਾਂਦਾ ਹੈ ਉਸ ਨੂੰ ਵਿਵਾਦੀ ਸੁਰ ਕਹਿੰਦੇ ਹਨ। ਵਿਵਾਦੀ ਸੁਰ ਦਾ ਪ੍ਰਯੋਗ ਕੇਵਲ ਵਿਦਵਾਨ, ਗੁਣੀਜਨ ਬਹੁਤ ਹੀ ਕੁਸਲਤਾ ਨਾਲ ਕਰ ਸਕਦੇ ਹਨ। ਭਾਤਖੰਡੇ ਜੀ ਅਭਿਨਵ ਰਾਗ ਮੰਜਰੀ ਵਿੱਚ ਲਿਖਦੇ ਹਨ "शत्रु तुल्य विवादिन" ਅਰਥਾਤ ਵਿਵਾਦੀ ਸੁਰ ਦੁਸ਼ਮਨ ਦੇ ਸਮਾਨ ਹਨ। ਆਚਾਰਿਆ ਬ੍ਰਹਸਪਤੀ ਦਾ ਕਹਿਣਾ ਹੈ ਕਿ "ਵਿਵਾਦੀ ਦਾ ਅਰਥ ਹੈ ਸੰਵਾਦ ਦੀ ਕਮੀ"। ਅੰਤ ਵਿਚ ਅਸੀਂ ਇਹ ਹੀ ਕਹਾਂਗੇ ਕਿ ਵਿਵਾਦੀ ਸੁਰ ਦਾ ਗਲਤ ਪ੍ਰਯੋਗ ਦੁਸ਼ਮਣ ਦੀ ਤਰ੍ਹਾਂ ਹੈ ਇਸ ਲਈ ਵਿਵਾਦੀ ਸੁਰ ਦਾ ਪ੍ਰਯੋਗ ਕੇਵਲ ਕੁਝ ਸਮੇਂ ਲਈ ਰਾਗ ਵਿੱਚ ਵਚਿਤਰਤਾ ਲਿਆਉਣਾ ਹੀ ਠੀਕ ਹੈ।

### (xi) ਜਨਯ ਰਾਗ —

ਪੰ. ਵਿਅਕਟ ਮੁੱਖੀ ਜੀ ਨੇ ਗਾਇਨ ਦੇ ਅਨੁਸਾਰ ਸਪਤਕ ਦੇ ਬਾਰ੍ਹਾਂ ਸੁਰਾਂ ਤੋਂ 72 ਥਾਟਾਂ ਦੀ ਰਚਨਾਂ ਕੀਤੀ। ਇਹਨਾਂ 72 ਥਾਟਾਂ ਵਿੱਚੋਂ ਭਾਤਖੰਡੇ ਜੀ ਨੇ ਭਾਰਤੀ ਸੰਗੀਤ ਲਈ 10 ਥਾਟਾਂ ਦਾ ਪ੍ਰਯੋਗ ਕੀਤਾ। ਇਹਨਾਂ 10 ਥਾਟਾਂ ਦੇ ਅੰਤਰਗਤ ਜਿੰਨੇ ਰਾਗ ਆਉਂਦੇ ਹਨ ਉਹ ਸਾਰੇ ਰਾਗ ਜਨਯ ਰਾਗ ਕਹਾਉਂਦੇ ਹਨ। ਹਰ ਥਾਟਾਂ ਦੇ



Downloaded from https:// www.studiestoday.com

Downloaded from https:// www.studiestoday.com

ਅਲੱਗ-ਅਲੱਗ ਜਨਯ ਰਾਗ ਹਨ। ਜਿਵੇਂ ਭੁਪਾਲੀ ਰਾਗ ਕਲਿਆਣ ਥਾਟਾਂ ਦਾ ਜਨਯ ਰਾਗ ਹੈ। ਇਹਨਾਂ 10 ਥਾਟਾ ਦੇ ਅੰਤਰਗਤ ਜਿੰਨੇ ਰਾਗਾ ਦਾ ਵਰਗੀਕਰਨ ਹੁੰਦਾ ਹੈ ਉਹ ਸਾਰੇ ਰਾਗ ਜਨਯ ਰਾਗ ਹਨ। ਜਨਯ ਰਾਗਾਂ ਦੇ ਸੁਰ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ ਥਾਟ ਦਾ ਰਾਗ ਹੈ ਕਈ ਜਨਯ ਰਾਗ 10 ਥਾਟਾਂ ਦੇ ਅੰਤਰਗਤ ਨਹੀਂ ਆਉਂਦੇ ਕਿਉਂਕਿ ਥਾਟਾਂ ਦੀ ਸੰਖਿਆ ਨਿਸ਼ਚਿਤ ਹੈ ਕੇਵਲ ਜਨਯ ਰਾਗਾਂ ਦੇ ਸੁਰ, ਪ੍ਰਕਿਤੀ, ਸਵਰੂਪ, ਸਮਾਨਤਾ ਨੂੰ ਦੇਖ ਕੇ ਹੀ ਰਾਗ ਜਿਸ ਥਾਟ ਵਿਚ ਸਮਾਂ ਸਕਦਾ ਹੈ ਉਥੇ ਹੀ ਉਸ ਨੂੰ ਰੱਖਿਆ ਜਾਂਦਾ ਹੈ। ਜਦੋਂ ਕੋਈ ਨਵਾਂ ਰਾਗ ਬਣਦਾ ਹੈ ਤਾਂ ਵੀ ਉਸ ਨੂੰ ਉਸ ਥਾਟ ਦਾ ਜਨਯ ਰਾਗ ਮੰਨਿਆ ਜਾਂਦਾ ਹੈ ਥਾਟਾਂ ਵਿੱਚ ਰਾਗ ਉਤਪਨ ਕਰਨ ਦੀ ਸ਼ਕਤੀ ਹੁੰਦੀ ਹੈ ਇਸ ਲਈ ਉਹ ਨਵੇ ਰਾਗਾਂ ਨੂੰ ਆਪਣੇ ਵਿੱਚ ਸਮਾਉਣ ਦੀ ਸ਼ਕਤੀ ਰੱਖਦਾ ਹੈ।

### (xii) ਆਸ਼ਰਯ ਰਾਗ —

ਭਾਰਤੀ ਸੰਗੀਤ ਵਿੱਚ ਪ੍ਰਚਲਿਤ ਰਾਗਾ ਨੂੰ ਦਸ ਥਾਟਾਂ ਵਿੱਚ ਵੰਡ ਦਿੱਤਾ ਗਿਆ ਹੈ ਇਹਨਾਂ ਥਾਟਾਂ ਦੇ ਵੱਖ-ਵਖ ਨਾ ਰੱਖਣ ਲਈ ਹਰੇਕ ਥਾਟ ਤੋਂ ਉਤਪੰਨ ਸਾਰਿਆ ਤੋਂ ਪ੍ਰਚਲਿਤ ਜਾ ਪ੍ਰਸਿੱਧ ਰਾਗ ਦਾ ਨਾਂ ਉਸ ਥਾਟ ਨੂੰ ਵੀ ਦੇ ਦਿੱਤਾ। ਇਸ ਤਰ੍ਹਾਂ ਦੇ ਰਾਗ ਨੂੰ ਆਸ਼ਰਯ ਰਾਗ ਕਹਿੰਦੇ ਹਨ। ਆਸ਼ਰਯ ਰਾਗ ਦਾ ਦੂਸਰਾ ਨਾ ਥਾਟ ਦਸ਼ਣ ਵਾਲਾ ਰਾਗ ਵੀ ਹੈ। 10 ਰਾਗਾ ਦੇ ਨਾਂ ਹੀ ਥਾਟਾਂ ਨੂੰ ਦਿੱਤੇ ਗਏ ਇਸ ਲਈ 10 ਆਸ਼ਰਯ ਰਾਗ ਹੋਏ, ਜਿਵੇਂ ਭੈਰਵੀ ਰਾਗ ਵਿੱਚ ਰੇ ਗੁ ਧੁ ਨੀ ਸੁਰ ਕੋਮਲ ਹਨ ਇਸੇ ਤਰ੍ਹਾਂ ਕੋਮਲ ਸੁਰਾ ਤੋਂ ਭੈਰਵੀ ਬਣਦਾ ਹੈ।

ਸੁਰਾ ਦੇ ਕੋਮਲ ਰੂਪ ਨੂੰ ਦੇਖਦੇ ਹੀ ਉਸਨੂੰ ਭੈਰਵੀ ਨਾ ਦੇ ਦਿੱਤਾ। ਇਸ ਲਈ ਭੈਰਵੀ ਰਾਗ ਨੇ ਆਪਣੇ ਨਾਮਕਰਣ ਲਈ ਭੈਰਵੀ ਰਾਗ ਹਨ ਆਸ਼ਰਯ ਲਿੱਤਾ ਇਸ ਤਰ੍ਹਾਂ ਭੈਰਵੀ ਰਾਗ ਆਸ਼ਰਯ ਰਾਗ ਹੋ ਗਿਆ।

### (xiii) ਲੈਅ —

ਗਾਇਨ, ਵਾਦਨ ਤੇ ਨਰਿਤ ਵਿਚ ਸਮੇਂ ਦੀ ਸਮਾਨ ਗਤੀ ਜਾ ਚਾਲ ਨੂੰ ਲੈਅ ਕਿਹਾ ਜਾਂਦਾ ਹੈ। ਸੰਗਤ ਤੇ ਲੈਅ ਦਾ ਸੰਬੰਧ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਅੱਜ ਸੰਗੀਤ ਤੇ ਲੈਅ ਇਸ ਤਰ੍ਹਾਂ ਇਕ ਹੋ ਗਏ ਹਨ ਕਿ ਇਕ ਤੋਂ ਬਿਨਾਂ ਦੂਜੇ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਅਮਰਕੋਸ਼ ਵਿਚ ਲਿਖਿਆ ਹੈ "लय साम्यम" ਅਰਥਾਤ ਜਦੋਂ ਦੋ ਚੀਜ਼ਾ ਵਿੱਚ ਸਮਾਨਤਾ ਇਸ ਤਰ੍ਹਾਂ ਹੋਵੇ ਕਿ ਉਸ ਦਾ ਫਰਕ ਨਾ ਵੱਧ ਤੇ ਨਾ ਘੱਟ ਹੋਵੇ ਉਸ ਨੂੰ ਲੈਅ ਕਹਿੰਦੇ ਹਨ?

ਲੈਅ ਸੰਗੀਤ ਦੇ ਉਸ ਭਾਵ ਪਰੇ ਪਹਲੂ ਨੂੰ ਪ੍ਰਗਟ ਕਰਦੀ ਹੈ ਰਾਗ ਦਾ ਕੋਈ ਵੀ ਸਵਰੂਪ ਭਾਵੇ ਅਲਾਪ ਹੋਵੇ, ਝਾਲਾ ਹੋਵੇ, ਤੋੜੇ ਜਾ ਤਾਨਾ ਹੋਣ ਸਭ ਲਈ ਅਲਗ-ਅਲਗ ਲੈਅ ਵਰਤੀ ਜਾਂਦੀ ਹੈ ਲੈਅ ਦੇ ਸਹਾਰੇ ਹੀ ਸੁਰਾ ਤੇ ਲਹਿਰਾਣਾ ਪਤਾ ਲਗਦਾ ਹੈ। ਲੈਅ ਸਹਾਰੇ ਹੀ ਗਾਇਨ ਵਾਦਨ ਵਿਚ ਰੰਜਕਤਾ ਜਹੀ ਆਉਂਦੀ ਹੈ। ਸੰਗੀਤ ਵਿਚ ਲੈਅ ਤਿੰਨ ਤਰ੍ਹਾਂ ਦੀ ਹੈ।

(1) **ਵਿਲੰਬਿਤ ਲੈਅ**—ਇਸ ਲੈਅ ਦੀ ਚਾਲ ਬਹੁਤ ਹੀ ਧੀਮੀ ਹੋਵੇ ਉਹ ਵਿਲੰਬਿਤ ਲੈਅ ਕਹਾਉਂਦੀ ਹੈ। ਅਰਥਾਤ ਸਾਧਾਰਨ ਚਾਲ ਤੋਂ ਦੁਗਣੀ ਘੱਟ ਹੋਲੀ ਚਾਲ ਹੀ ਵਿਲੰਬਿਤ ਲੈਅ ਹੈ। ਇਸ ਨੂੰ ਠਾਅ ਲੈਅ ਵੀ ਕਿਹਾ ਜਾਂਦਾ ਹੈ। ਇਸ਼ ਦਾ ਪ੍ਰਯੋਗ ਵੱਡੇ ਖਿਆਲ, ਠੁਮਰੀ, ਧਰੁਪਦ, ਧਮਾਰ ਗਾਇਨ ਸ਼ੈਲੀਆ ਵਿੱਚ ਤੇ ਮਸੀਤ ਖਾਨੀ ਗਤ ਵਿੱਚ ਕੀਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

(2) ਮੱਧ ਲੈਅ — ਜਦੋਂ ਲੈਅ ਦੀ ਗਤੀ ਨਾ ਜਿਆਦਾ ਤੇਜ ਨਾ ਜਿਆਦਾ ਹੋਲੀ ਹੁੰਦੀ ਹੈ ਉਸ ਨੂੰ ਮੱਧ ਲੈਅ ਕਹਿੰਦੇ ਹਨ। ਇਸ ਨੂੰ ਸਧਾਰਨ ਲੈਅ ਵੀ ਕਿਹਾ ਜਾਂਦਾ ਹੈ। ਮੱਧ ਲੈਅ ਵਿੱਚ ਛੋਟਾਂ ਖਿਆਲ, ਤੇ ਰਜਾਖਾਨੀ ਗਤਾ ਵਜਾਈਆ ਤੇ ਗਾਈਆ ਜਾਂਦੀਆਂ ਹਨ।

(3) ਦਰੁੱਤ ਲੈਅ — ਜਦੋਂ ਲੈਅ ਦੀ ਗਤੀ ਬਹੁਤ ਤੇਜ ਹੋਵੇ ਉਸ ਨੂੰ ਦਰੁੱਤ ਲੈਅ ਕਹਿੰਦੇ ਹਨ। ਇਹ ਲੈਅ ਵਿਲੰਬਿਤ ਲੈਅ ਤੋਂ ਚੋਗੁਣੀ ਤੇਜ ਹੁੰਦੀ ਹੈ। ਇਸ ਵਿੱਚ ਛੋਟਾ ਖਿਆਲ, ਤਰਾਨੇ, ਰਜਾਖਾਨੀ ਗਤਾ ਵਜਾਈਆ ਤੇ ਗਾਈਆਂ ਜਾਂਦੀਆਂ ਹਨ।

## ਅਭਿਆਸ

**ਵਿਸਤ੍ਰੂ ਨਿਸਠ ਪ੍ਰਸ਼ਨ—**

1. ਸੰਗੀਤ ਤੋਂ ਕੀ ਭਾਵ ਹੈ ?
2. ਗਾਇਨ ਸੰਗੀਤ ਤੋਂ ਕੀ ਭਾਵ ਹੈ ?
3. ਸੰਗੀਤ ਦੀਆਂ ਤਿੰਨ ਕਲਾਵਾਂ ਦੇ ਨਾਂ ਦਸੋ ?
4. ਸੁਰਾਂ ਦੇ ਚੜ੍ਹਦੇ ਕ੍ਰਮ ਨੂੰ ਕੀ ਕਹਿੰਦੇ ਹਨ ?
5. ਸਵਰਾਂ ਦੇ ਉਤਰਦੇ ਕ੍ਰਮ ਨੂੰ ਕੀ ਕਿਹਾ ਜਾਂਦਾ ਹੈ ?
6. ਰਾਗ ਵਿੱਚ ਸਭ ਤੋਂ ਵੱਧ ਪ੍ਰਯੋਗ ਹੋਣ ਵਾਲੇ ਸਵਰ ਨੂੰ ਕੀ ਕਹਿੰਦੇ ਹਨ ?
7. ਰਾਗ ਵਿੱਚ ਜਿਹੜੇ ਸਵਰਾਂ ਦਾ ਪ੍ਰਯੋਗ ਕਰਨ ਦੀ ਮਨਾਹੀ ਹੁੰਦੀ ਹੈ ਉਹਨਾਂ ਨੂੰ ਕੀ ਕਹਿੰਦੇ ਹਨ ?
8. ਜਨਯ ਰਾਗ ਕੀ ਹੈ ?
9. ਆਸਰਯ ਰਾਗ ਦਾ ਦੂਸਰਾ ਨਾਂ ਕੀ ਹੈ ?
10. ਗਾਇਨ, ਵਾਦਨ ਅਤੇ ਨਰਿਤ ਵਿੱਚ ਸਮੇਂ ਦੀ ਸਮਾਨ ਚਾਲ ਨੂੰ ਕੀ ਕਿਹਾ ਜਾਂਦਾ ਹੈ ?
11. ਵਿਲੰਬਿਤ ਲੈਅ ਵਿੱਚ ਗਤੀ ਕਿਹੋ ਜਹੀ ਹੁੰਦੀ ਹੈ ?
12. ਦਰੁਤ ਲੈਅ ਦੀ ਗਤੀ ਕਿਸ ਤਰ੍ਹਾਂ ਦੀ ਹੁੰਦੀ ਹੈ ?

**ਅਧਿਆਪਕ ਲਈ—**

**ਵਿਦਿਆਰਥੀਆਂ ਵੱਲੋਂ ਸੰਗੀਤ ਸਬੰਧੀ ਚਾਰਟ ਬਣਵਾਏ ਜਾਣ।**



Downloaded from https:// www.studiestoday.com

Downloaded from https:// www.studiestoday.com

ਪਾਠ-2

# ਸਵਰ- ਸ਼ੁਧ ਸਵਰ, ਕੋਮਲ ਸਵਰ, ਤੀਵਰ ਸਵਰ

22 ਸ਼ਰੁਤੀਆਂ ਵਿੱਚ ਨਿਯਮ ਅਨੁਸਾਰ ਚੁਣੀਆਂ ਗਈਆਂ ਸੱਤ ਸਰੁਤੀਆਂ ਜਿਹਨਾਂ ਨੂੰ ਗਾਣ/ਵਜਾਣ ਵਿੱਚ ਸਰਲਤਾ ਤੋਂ ਪ੍ਰਯੋਗ ਕੀਤਾ ਜਾਵੇ ਉਸ ਨੂੰ ਸਵਰ ਦਾ ਨਾਂ ਦਿੱਤਾ ਗਿਆ ਹੈ।

ਸਵਰ ਉਸ ਸੰਗੀਤ ਉਪਯੋਗ ਨੂੰ ਕਹਿੰਦੇ ਹਨ ਜੋ ਸ਼ਪਸ਼ਟ, ਸਥਿਰ, ਸਰੀਲਾ, ਮਧੁਰ ਤੇ ਆਕਰਸ਼ਕ ਹੋਵੇ। ਦਮੋਦਰ ਪੰਡਿਤ ਜੀ ਨੇ "ਸੰਗੀਤ ਦਰਪਣ" ਵਿੱਚ ਸਵਰ ਬਾਰੇ ਲਿਖਿਆ ਹੈ "ਜੋ ਨਾਦ ਮਧੁਰ ਹੋਵੇ ਉਸ ਨੂੰ ਸਵਰ ਕਹਿੰਦੇ ਹਨ।" ਪੁੰਡਰੀਕ ਵਿਠਲ ਦਾ ਇਹ ਮੱਤ ਹੈ ਜਦੋਂ ਸਰੁਤੀ ਰਸਮਈ ਹੋ ਜਾਂਦੀ ਹੈ ਤਾਂ ਉਹ ਸਵਰ ਬਣ ਜਾਂਦੀ ਹੈ ਇਸੀ ਤਰ੍ਹਾਂ ਸ਼ਾਰੰਗਦੇਵ ਜੀ ਨੇ "ਸੰਗੀਤ ਰਤਨਾਗਰ ਗ੍ਰੰਥ ਵਿਚ ਸਵਰਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ" ਸ਼ਰੁਤੀ ਤੋਂ ਬਾਅਦ ਜਿਹੜਾ ਨਾਦ ਪੈਦਾ ਹੁੰਦਾ ਹੈ ਅਤੇ ਸੁਣਨ ਵਾਲੇ ਦੇ ਚਿੱਤ ਦਾ ਰੰਜਨ ਕਰ ਸਕਦਾ ਹੈ ਉਹ ਹੀ ਸਵਰ ਕਹਾਉਂਦਾ ਹੈ। ਸੰਗੀਤ ਦੇ ਮੁੱਖ ਸੱਤ ਸਵਰ ਸ ਰੇ ਗ ਮ ਪ ਧ ਨੀ ਹੈ। ਇਹਨਾਂ ਨੂੰ ਅਸੀਂ ਸੰਗੀਤ ਦੀ ਭਾਸ਼ਾ ਵਿਚ ਸੜਜ, ਰਿਸ਼ਬ, ਗੰਧਾਰ, ਮਧਯਮ, ਪੰਚਮ, ਧੈਵਤ ਤੇ ਨੀਸ਼ਾਦ ਕਹਿੰਦੇ ਹਨ।

ਪ੍ਰਸਿੱਧ ਸੰਗੀਤਕਾਰ ਦਮੋਦਰ ਪੰਡਿਤ ਜੀ ਨੇ ਸਵਰਾਂ ਦੀ ਉਤਪਤੀ ਸੱਤ ਪੰਛੀਆ ਤੋਂ ਮੰਨੀ ਹੈ। ਜਿਸ ਤਰ੍ਹਾਂ ਮੋਰ ਤੇ ਸੜਜ, ਪਪੀਹੇ ਤੋਂ ਰਿਸ਼ਬ, ਬਕਰੇ ਤੋਂ ਗੰਧਾਰ, ਕਾਂ ਤੋਂ ਮਧਯਮ, ਕੋਇਲ ਤੋਂ ਪੰਚਮ, ਮੇਂਡਕ ਤੋਂ ਧੈਵਤ ਅਤੇ ਹਾਥੀ ਤੋਂ ਨੀਸ਼ਾਦ।

| | | | |
|---|---|---|---|
| ਸੜਜ | — | ਸ | ਮੋਰ |
| ਰਿਸ਼ਬ | — | ਰੇ | ਪਪੀਹਾ |
| ਗੰਧਾਰ | — | ਗ | ਬਕਰਾ |
| ਮਧਯਮ | — | ਮ | ਕਾਂ |
| ਪੰਚਮ | — | ਪ | ਕੋਇਲ |
| ਧੈਵਤ | — | ਧ | ਮੇਂਡਕ |
| ਨੀਸ਼ਾਦ | — | ਨੀ | ਹਾਥੀ |

(1) **ਸ਼ੁਧ ਸਵਰ**—ਸ਼ੁਧ ਸਵਰ ਉਹਨਾਂ ਸਵਰਾ ਨੂੰ ਕਿਹਾ ਜਾਂਦਾ ਹੈ ਜੋ ਆਪਣੀ ਜਗ੍ਹਾਂ ਤੇ ਨਿਸ਼ਚਿਤ ਰਹਿੰਦੇ ਹਨ। ਸ਼ੁਧ ਸਵਰ ਸੱਤ ਹਨ, ਸ ਰੇ ਗ ਮ ਪ ਧ ਨੀ ਇਹਨਾਂ ਸੱਤ ਸਵਰਾਂ ਵਿੱਚੋਂ ਦੋ ਸਵਰ ਸੜਜ (ਸ), ਪੰਚਮ (ਪ) ਸਵਰ ਐਸੇ ਹਨ ਜੋ ਆਪਣੇ ਸਥਾਨ ਤੇ ਨਿਸ਼ਚਿਤ ਰਹਿੰਦੇ ਹਨ। ਅਰਥਾਤ ਆਪਣੀ ਜਗਾ ਤੇ ਕਾਇਮ ਰਹਿੰਦੇ ਹਨ।

(2) **ਕੋਮਲ ਸਵਰ** — ਆਪਣੇ ਨਿਸ਼ਚਿਤ ਸਥਾਨ ਤੋਂ ਜਦੋਂ ਸਵਰ ਨੀਵੇ ਹੋ ਜਾਂਦੇ ਹਨ ਉਹ ਕੋਮਲ ਸਵਰ ਕਹਾਉਂਦੇ ਹਨ ਅਰਥਾਤ ਸਵਰਾ ਦਾ ਉਹ ਰੂਪ ਜੋ ਸ਼ੁਧ ਸਵਰਾ ਤੋਂ ਨੀਵੀ ਆਵਾਜ ਵਿੱਚ ਹੋਵੇ। ਸੰਗੀਤ ਦੇ ਸ਼ੁੱਧ ਸੱਤ ਸਵਰਾਂ ਵਿੱਚੋਂ ਚਾਰ ਸਵਰ ਕੋਮਲ ਰੇ, ਗ, ਧ ਨੀ ਹੈ। ਇਹਨਾਂ ਸਵਰਾਂ ਦੇ ਸੰਕੇਤ ਦੇ ਲਈ ਸਵਰ ਲਿਪੀ ਵਿਚ



Downloaded from https:// www.studiestoday.com

Downloaded from https:// www.studiestoday.com

ਸਵਰਾ ਦੇ ਥੱਲੇ ਸਿੱਧੀ ਰੇਖਾ ਜਾ ਲੇਟਵੀ ਰੇਖਾ ਪਾਈ ਜਾਂਦੀ ਹੈ ਜਿਵੇਂ – ਰੇ ਗੁ ਧੁ ਨੀ।

(2) **ਤੀਵਰ ਸਵਰ** — ਸਵਰਾਂ ਦਾ ਉਹ ਰੂਪ ਜੋ ਸ਼ੁਧ ਸਵਰਾਂ ਤੋਂ ਉੱਚੀ ਆਵਾਜ਼ ਵਿੱਚ ਹੋਵੇ ਉਹ ਤੀਵਰ ਸਵਰ ਹੈ ।ਸੱਤ ਸ਼ੁਧ ਸਵਰਾਂ ਵਿੱਚੋਂ ਕੇਵਲ ਮਧਯਮ (ਮ) ਸਵਰ ਤੀਵਰ ਹੈ ।ਤੀਵਰ ਸਵਰਾਂ ਦੇ ਲਈ ਸੰਗੀਤ ਵਿਚ ਸਵਰ ਲਿਪੀ ਵਿੱਚ ਸਵਰ ਦੇ ਉੱਪਰ ਖੜੀ ਰੇਖਾ ਲਗਾਈ ਜਾਂਦੀ ਹੈ ।ਜਿਵੇਂ – ਮ

ਇਸ ਤਰ੍ਹਾਂ ਕੁਲ 12 ਸਵਰ ਬਣੇ –

ਸ ਰੇ ਰੇ ਗੁ ਗ ਮ ਮ ਪ ਧੁ ਧ ਨੀ ਨੀ

## ਪਾਠ ਅਭਿਆਸ

**ਵਸਤੂਨਿਸ਼ਟ ਪ੍ਰਸ਼ਨ—**

1. ਸੰਗੀਤ ਵਿੱਚ ਸ਼ੁਧ ਅਤੇ ਵਿਕਰਿਤ ਸਵਰਾਂ ਦੀ ਕੁਲ ਕਿੰਨੀ ਸੰਖਿਆ ਹੈ ?
2. ਸ਼ੁਧ ਸਵਰ ਕਿੰਨੇ ਹਨ ?
3. ਸਵਰਾਂ ਦੇ ਹੇਠਾਂ ਲੇਟਵੀਂ ਰੇਖਾ ਵਾਲੇ ਕਿਹੜੇ ਸਵਰ ਹੁੰਦੇ ਹਨ ?
4. ਤੀਵਰ ਸਵਰ ਦੀ ਕੀ ਪਹਿਚਾਨ ਹੁੰਦੀ ਹੈ ?
5. ਉਹ ਕਿਹੜੇ ਸਵਰ ਹਨ ਜੋ ਆਪਣੀ ਨਿਸ਼ਚਿਤ ਜਗ੍ਹਾਂ ਤੋਂ ਨਹੀਂ ਹੱਟਦੇ ਅਰਥਾਤ ਸਥਿਰ ਰਹਿੰਦੇ ਹਨ ?
6. ਸੰਗੀਤ ਵਿੱਚ ਕੋਮਲ ਸਵਰਾਂ ਦੀ ਕਿੰਨੀ ਸੰਖਿਆ ਹੈ ?

**ਅਧਿਆਪਕ ਲਈ—**

1. **ਅਧਿਆਪਕ ਆਪ ਸਿਤਾਰ ਤੇ ............ ਸ਼ੁਧ, ਕੋਮਲ ਅਤੇ ਤੀਵਰ ਸਵਰ ਵਜਾ ਕੇ ਵਿਦਿਆਰਥੀਆਂ ਨੂੰ ਦੱਸਣ।**
2. **ਇਕ ਖਾਲੀ ਬੋਤਲ ਲੈ ਕੇ, ਵਿਦਿਆਰਥੀਆਂ ਕੋਲੋਂ ਉਸ ਵਿੱਚ ਫੂਕ ਮਾਰ ਕੇ ਸਵਰ (ਆਵਾਜ਼) ਪੈਦਾ ਕਰਨ ਦੀ ਕੋਸ਼ਿਸ਼ ਕਰਨ।**



Downloaded from https:// www.studiestoday.com

Downloaded from https:// www.studiestoday.com

ਪਾਠ-3

# ਤਾਲ, ਮਾਤਰਾ, ਸਮ, ਤਾਲੀ, ਖਾਲੀ, ਵਿਭਾਗ, ਆਵਰਤਨ

## ਤਾਲ

ਤਾਲ ਸ਼ਬਦ ਦੀ ਉਤਪਤੀ "ਤ" ਤੋਂ ਸ਼ਿਵਜੀ ਦੇ ਤਾਂਡਵ ਨਰਿਤ ਤੋਂ ਅਤੇ "ਲ" ਸ਼ਬਦ ਦੀ ਉਤਪਤੀ ਪਾਰਵਤੀ ਦੇ ਲਾਸਾਟ ਨਰਿਤ ਤੋਂ ਹੋਈ ਮੰਨਦੇ ਹਨ।ਤਾਲ ਲੈਅ ਤੇ ਨਿਰਭਰ ਹੈ, ਇਸ ਲਈ ਤਾਲ ਨੂੰ ਸੰਗੀਤ ਦਾ ਪ੍ਰਾਨ ਮੰਨਿਆ ਗਿਆ ਹੈ।ਤਾਲ ਗਾਇਨ, ਵਾਦਨ ਨੂੰ ਮਾਪਣ ਦੀ ਇਕ ਵਿਧੀ ਹੈ।ਜਿਸ ਤਰ੍ਹਾਂ ਸੁਰਾਂ ਦੇ ਪ੍ਰਯੋਗ ਦੇ ਕੁਝ ਨਿਯਮ ਹਨ ਅਤੇ ਇਹਨਾਂ ਨਿਯਮਾਂ ਦੇ ਸਹਾਰੇ ਰਾਗਾਂ ਦੀ ਰਚਨਾਂ ਹੁੰਦੀ ਹੈ।ਜਿਵੇਂ ਰਾਗ ਵਿੱਚ ਵਾਦੀ ਸੁਰ, ਸੰਵਾਦੀ ਸੁਰ, ਥਾਟ ਜਾਤੀ ਹੁੰਦੇ ਹਨ ਉਸੀ ਤਰ੍ਹਾਂ ਤਾਲ ਦੀਆਂ ਮਾਤਰਾਂ ਤੇ ਲੈਅ ਦੇ ਸਹਾਰੇ ਤਾਲਾਂ ਦੀ ਰਚਨਾ ਹੁੰਦੀ ਹੈ।ਤਾਲ ਵਿੱਚ ਵੀ ਨਿਯਮ ਅਨੁਸਾਰ ਸਮਾਂ, ਖਾਲੀ, ਤਾਲੀ, ਵਿਭਾਗ, ਮਾਤਰਾ, ਹੁੰਦੀਆਂ ਹਨ।ਜਦੋਂ ਲੈਅ ਦੇ ਇਹਨਾਂ ਨਿਯਮਾਂ ਨੂੰ ਬੰਨ ਕੇ ਪ੍ਰਦਰਸ਼ਨ ਕੀਤਾ ਜਾਂਦਾ ਹੈ।ਤਾਂ ਉਹ ਤਾਲ ਕਹਾਉਂਦੀ ਹੈ।

ਅਚਾਰਿਆ ਭਰਤ ਨੇ ਤਾਲ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ "ਸੰਗੀਤ ਵਿਚ ਕਾਲ ਦੇ ਮਾਪਣ ਦੇ ਸਾਧਨ ਨੂੰ ਤਾਲ ਕਹਿੰਦੇ ਹਨ।ਆਧੁਨਿਕ ਵਿਦਵਾਨਾ ਦਾ ਕਹਿਣਾ ਹੈ।" ਤਾਲ ਵਾਦਾਂ ਦੇ ਬੋਲਾ ਤੇ ਅਧਾਰਿਤ ਇਕ ਗਤੀ ਵਿਸ਼ੇਸ਼ ਤਾਲੀ, ਖਾਲੀ ਦੇ ਅਧਾਰ ਤੇ ਭਿੰਨ-ਭਿੰਨ ਵਿਭਾਗਾਂ ਵਿੱਚ ਵੰਡੀ ਜਾਂਦੀ ਹੈ, ਤਾਂ ਉਸ ਦੇ ਇਕ ਆਵਰਤਨ ਨੂੰ ਰਾਗ ਕਹਿੰਦੇ ਹਨ।ਸ਼ਾਸ਼ਤਰਕਾਰਾਂ ਨੇ ਠੀਕ ਹੀ ਕਿਹਾ ਹੈ ਸੰਗੀਤ ਵਿਚ ਸੁਰ ਸ਼ਰੀਰ ਹੈ ਉਸੀ ਤਰ੍ਹਾਂ ਤਾਲ ਉਸਦੀ ਆਤਮਾ ਹੈ।ਜਿਵੇਂ ਮਨੁੱਖ ਦੇ ਸ਼ਰੀਰ ਵਿੱਚੋਂ ਪ੍ਰਾਨ ਨਿਕਲਣ ਤੇ ਸ਼ਰੀਰ ਮਿੱਟੀ ਹੋ ਜਾਂਦਾ ਹੈ ਉਸੀ ਤਰ੍ਹਾਂ ਸੰਗੀਤ ਵਿੱਚੋਂ ਤਾਲ ਨਾ ਹੋਣ ਤੇ ਸੁਰ ਚੁੱਪ ਜਿਹਾ ਹੋ ਜਾਂਦਾ ਹੈ।

ਹਰੇਕ ਤਾਲ ਦੇ ਅਲਗ-ਅਲਗ ਮਾਤਰਾ, ਵਿਭਾਗ, ਖਾਲੀ, ਤਾਲੀ ਹੁੰਦੇ ਹਨ।ਤਾਲ ਦੇ ਵਜਦੇ ਰਹਿਣ ਤੇ ਗਾਇਕ ਤੇ ਵਾਦਕ ਨੂੰ ਇਹ ਪਤਾ ਲਗਦਾ ਰਹਿੰਦਾ ਹੈ ਉਹ ਤਾਲ ਦੀ ਕਿਹੜੀ ਮਾਤਰਾ ਤੇ ਹੈ।ਤਾਲ ਹੀ ਉਸ ਨੂੰ ਲੈਅ ਵਿਚ ਬੰਨ ਕੇ ਰੱਖਦੀ ਹੈ।ਬੇਤਾਲਾ ਨਹੀਂ ਹੋਣ ਦਿੰਦੀ।

## ਮਾਤਰਾ

ਨਿਸ਼ਚਿਤ ਸਮੇਂ ਦੇ ਬਰਾਬਰ ਭਾਗ ਨੂੰ ਮਾਤਰਾ ਕਹਿੰਦੇ ਹਨ।ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਜਦੋਂ ਅਸੀਂ ਲੈਅ ਨੂੰ ਬਰਾਬਰ ਹਿੱਸਿਆ ਵਿੱਚ ਵੰਡ ਦਿੰਦੇ ਹਾਂ ਉਸ ਦੇ ਹਰ ਭਾਗ ਨੂੰ ਮਾਤਰਾ ਕਹਿੰਦੇ ਹਨ।ਮਾਤਰਾ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਕਹਿ ਸਕਦੇ ਹਾਂ ਇਕ, ਦੋ, ਤਿੰਨ, ਚਾਰ ਆਦਿ ਇਸ ਗਿਣਤੀ ਨੂੰ ਕਹਿਣ ਵਿਚ ਜਿਹਨਾ ਸਮਾਂ ਲਗਦਾ ਉਹ ਹੀ ਮਾਤਰਾ ਹੈ।ਸੰਗੀਤ ਵਿਚ ਮਾਤਰਾ ਸਮੇਂ ਨੂੰ ਮਾਪਣ ਦਾ ਪੈਮਾਨਾ ਹੈ।ਹਰ ਤਾਲ ਦੀਆਂ ਅਲੱਗ-ਅਲੱਗ ਮਾਤਰਾਂ ਹੁੰਦੀਆਂ ਹਨ ਜਿਵੇਂ—ਤਿੰਨ ਤਾਲ = 16 ਮਾਤਰਾਂ, ਕਹਿਰਵਾ ਤਾਲ = 8 ਮਾਤਰਾਂ, ਝਪਤਾਲ = 10 ਮਾਤਰਾਂ, ਇਕ ਤਾਲ = 12 ਮਾਤਰਾਂ।



Downloaded from https:// www.studiestoday.com

Downloaded from https:// www.studiestoday.com

### ਸਮ

ਸਮ ਤਾਲ ਦੀ ਉਹ ਜਗ੍ਹਾ ਹੈ ਜਿਥੋਂ ਗਾਇਨ, ਵਾਦਨ ਨਰਿਤ ਦਾ ਠੇਕਾ ਸ਼ੁਰੂ ਹੁੰਦਾ ਹੈ। ਜੇਕਰ ਅਸੀਂ ਇਹ ਕਹਿ ਦਈਏ ਜਿਥੋਂ ਤਾਲ ਸ਼ੁਰੂ ਹੁੰਦੀ ਹੈ ਉਸ ਨੂੰ ਸਮ ਕਹਿੰਦੇ ਹਨ। ਸਮ ਹਮੇਸ਼ਾ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ। ਗਾਉਣ, ਵਜਾਉਣ ਵਿੱਚ ਸਮ ਦੀ ਥਾਂ ਤੇ ਕੁੱਝ ਜਿਆਦਾ ਦਬਾਅ ਤੋਂ ਜ਼ੋਰ ਪੈਂਦਾ ਹੈ। ਸਮ ਤੇ ਜੋਰ ਪੈਣ ਦੇ ਕਾਰਨ ਸੁਣਨ ਤੇ ਸਨਾਉਣ ਵਾਲਿਆ ਦਾ ਸ਼ਰੀਰ ਦਾ ਅੰਗ ਆਪ ਹੀ ਹਿਲ ਪੈਂਦਾ ਹੈ। ਤਾਲ ਦੀਆਂ ਮਾਤਰਾਵਾਂ ਨੂੰ ਗਿਣਨ ਵਿਚ ਸਮ ਮਹੱਤਵਪੂਰਨ ਸਥਾਨ ਰੱਖਦਾ ਹੈ। ਜਿਸ ਤਰ੍ਹਾਂ ਸੰਗੀਤ ਦਾ ਪ੍ਰਾਣ ਤਾਲ ਹੈ ਉਸੀ ਤਰ੍ਹਾਂ ਤਾਲ ਦਾ ਪ੍ਰਾਣ ਸਮ ਹੈ। ਸੁਰ ਲਿਪੀ ਵਿਚ ਸਮ ਨੂੰ ਲਿਖਣ ਲਈ (×) ਗੁਣਾ ਦਾ ਚਿੰਨ ਲਗਾਦੇ ਹਾਂ।

### ਤਾਲੀ

ਤਾਲ ਵਿੱਚ ਸਮ ਤੋਂ ਇਲਾਵਾ ਹੋਰ ਵਿਭਾਗਾ ਤੇ ਵੀ ਤਾਲੀਆਂ ਹੁੰਦੀਆਂ ਹਨ, ਹੱਥ ਤੇ ਤਾਲ ਵਜਾਉਂਦੇ ਹੋਏ ਤਾਲੀ ਦੇ ਸਥਾਨ ਤੇ ਹੱਥ ਤੇ ਚੋਟ ਮਾਰਕੇ ਦੱਸਿਆ ਜਾਂਦਾ ਹੈ। ਤਾਲੀ ਹਰ ਤਾਲ ਦੇ ਵੱਖਰੀ ਵੱਖਰੀ ਮਾਤਰਾ ਤੇ ਹੁੰਦੀ ਹੈ।

ਤਾਲ ਵਿੱਚ ਇਕ ਤੋਂ ਵੱਧ ਤਾਲੀਆਂ ਵੀ ਹੋ ਸਕਦੀਆਂ ਹਨ ਜਿਵੇਂ ਇਕ ਤਾਲ ਵਿੱਚ ਦੋ ਚਾਰ ਤਾਲੀਆਂ ਹਨ। ਪਹਿਲੀ, ਪੰਜਵੀ, ਨੌਵੀ, ਗਿਆਰਵੀ ਮਾਤਰਾ ਤੇ, 1 ਸੁਰ ਲਿਪੀ ਵਿੱਚ ਤਾਲੀਆਂ ਨੂੰ ਕ੍ਰਮਵਾਰ, 1, 2, 3, 4 ਲਿਖਿਆ ਜਾਂਦਾ ਹੈ। ਤਾਲੀ ਨੂੰ ਭਰੀ ਵੀ ਕਹਿੰਦੇ ਹਨ।

### ਖਾਲੀ

ਸਮ ਤੇ ਖਾਲੀ ਤੋਂ ਇਲਾਵਾ ਤਾਲ ਵਿਚ ਖਾਲੀ ਦਾ ਵੀ ਸਥਾਨ ਹੈ। ਤਬਲੇ ਉੱਤੇ ਖਾਲੀ ਦੇ ਸਥਾਨ ਤੇ ਤਾ ਜਾ ਤੀ ਦਾ ਬੋਲ ਵੱਜਦਾ ਹੈ। ਹੱਥ ਤੇ ਤਾਲੀ ਵਜਾਂਦੇ ਹੋਏ ਹੱਥ ਤੇ ਚੋਟ ਨਹੀਂ ਕੀਤੀ ਜਾਂਦੀ ਹੱਥ ਨੂੰ ਸੱਜੇ ਪਾਸੇ ਝਟਕ ਦਿੱਤਾ ਜਾਂਦਾ ਹੈ। ਤਾਲ ਵਿਚ ਇਕ ਤੋਂ ਵੱਧ ਖਾਲੀ ਹੋ ਸਕਦੇ ਹਨ ਜਿਵੇਂ ਇਕ ਤਾਲ ਵਿੱਚ ਦੋ ਖਾਲੀਆਂ ਤੀਜੀ ਤੇ ਸੱਤਵੀ ਮਾਤਰਾ ਤੇ ਹੁੰਦੀਆਂ ਹਨ। ਸੁਰ ਲਿੱਪੀ ਵਿਚ ਖਾਲੀ ਨੂੰ (0) ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ।

### ਵਿਭਾਗ

ਤਾਲ ਦੀਆਂ ਮਾਤਰਾਵਾਂ ਨੂੰ ਕੁੱਝ ਭਾਗਾ ਵਿੱਚ ਵੰਡਿਆ ਜਾਂਦਾ ਹੈ। ਜਿਸ ਨੂੰ ਵਿਭਾਗ ਕਹਿੰਦੇ ਹਨ। ਹਰ ਤਾਲ ਦੇ ਵੱਖ-ਵੱਖ ਵਿਭਾਗ ਕਹਿੰਦੇ ਹਨ। ਹਰ ਤਾਲ ਦੇ ਵੱਖ-ਵੱਖ ਵਿਭਾਗ ਹੁੰਦੇ ਹਨ ਜਿਵੇਂ ਤਿੰਨ ਤਾਲ ਦੇ ਚਾਰ-ਚਾਰ ਮਾਤਰਾ ਦੇ ਵਿਭਾਗ ਹੁੰਦੇ ਹਨ, ਇਸੇ ਤਰ੍ਹਾਂ ਝਪ ਤਾਲ ਦੀਆਂ ਦੋ-ਤਿੰਨ ਮਾਤਰਾਂ ਦੇ ਵਿਭਾਗ ਹੁੰਦੇ ਹਨ।

ਵਿਭਾਗ ਨਾਲ ਸਾਨੂੰ ਖਾਲੀ, ਤਾਲੀ ਦੀ ਸੰਖਿਆ ਦਾ ਗਿਆਨ ਹੁੰਦਾ ਹੈ। ਹਰ ਤਾਲ ਦੇ ਪਹਿਲੇ ਵਿਭਾਗ ਦੀ ਪਹਿਲੀ ਮਾਤਰਾ ਤੇ ਸ਼ਮ ਹੁੰਦੇ ਹਨ। ਸੁਰ ਲਿਪੀ ਵਿੱਚ ਵਿਭਾਗ ਨੂੰ (1) ਚਿੰਨ੍ਹ ਲਗਾਇਆ ਜਾਂਦਾ ਹੈ।

### ਆਵਰਤਨ

ਜਦੋਂ ਅਸੀਂ ਤਾਲ ਦੀਆਂ ਮਾਤਰਾਵਾਂ ਨੂੰ ਇਕ ਬੋਲ ਦੇ ਜਾ ਵਜਾਕੇ ਇਕ ਚੱਕਰ ਪੂਰਾ ਕਰਦੇ ਹਾਂ ਉਸ ਨੂੰ



Downloaded from https:// www.studiestoday.com

Downloaded from https:// www.studiestoday.com

ਆਵਰਤਨ ਕਹਿੰਦੇ ਹਨ। ਆਵਰਤਨ ਦਾ ਮਤਲਵ ਹੈ ਦੋਹਰਾਨਾ! ਜਦੋਂ ਤੱਕ ਗਾਇਨ ਜਾਂ ਵਾਦਨ ਦਾ ਪ੍ਰਦਰਸ਼ਨ ਹੁੰਦਾ ਰਹਿੰਦਾ ਹੈ ਤੱਦ ਤੱਕ ਤਾਲ ਦੇ ਆਵਰਤਨ ਬਣਦੇ ਰਹਿੰਦੇ ਹਨ।

ਜਦੋਂ ਅਸੀਂ ਕਿਸੀ ਵੀ ਗੀਤ ਦੀ ਲਾਈਨ ਨੂੰ ਵਾਰ-ਵਾਰ ਇਕੋ ਲੈਅ ਰੱਖ ਕੇ ਗਾਉਂਦੇ ਜਾਂ ਵਜਾਉਂਦੇ ਹਾਂ ਤਾ ਉਸ ਨੂੰ ਆਵਰਤਨ ਕਹਿੰਦੇ ਹਨ। ਜਿਵੇਂ ਤਿੰਨ ਤਾਲ 16 ਮਾਤਰਾਂ ਦੀ ਤਾਲ ਹੈ ਭਾਵ ਇਕ ਮਾਤਰਾ ਤੋਂ ਸੋਲਾਂ ਮਾਤਰਾ ਤੱਕ ਤਾਲ ਦਾ ਇਕ ਆਵਰਤਨ ਬਣਦਾ ਹੈ।

## ਪਾਠ ਅਭਿਆਸ

**ਵਸਤੂਨਿਸ਼ਠ ਪ੍ਰਸ਼ਨ—**

1. ਉਸ ਕ੍ਰਿਰਿਆ ਨੂੰ ਕੀ ਕਹਾਗੇਂ ਜੋ ਗਾਇਨ ਵਾਦਨ ਨ੍ਰਿਤ ਦਾ ਅਧਾਰ ਹੈ।
2. ਨਿਸ਼ਚਿਤ ਸਮੇਂ ਦੇ ਬਰਾਬਰ ਭਾਗ ਨੂੰ ਕੀ ਕਹਾਂਗੇ ?
3. ਕਿਸੇ ਵੀ ਤਾਲ ਦੀ ਪਹਿਲੀ ਮਾਤਰਾ ਨੂੰ ਕੀ ਕਹਿੰਦੇ ਹਨ ?
4. ਤਾਲੀ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?
5. ਖਾਲੀ ਲਈ ਕਿਹੜਾ ਚਿੰਨ੍ਹ ਲਗਾਂਦੇ ਹਾਂ ?
6. ਤਾਲ ਦੀਆਂ ਮਾਤਰਾਵਾਂ ਨੂੰ ਜਦੋਂ-ਜਦੋਂ ਅਸੀਂ ਕੁਝ ਭਾਗਾਂ ਵਿੱਚ ਵੰਡਦੇ ਹਾਂ ਤਾਂ ਅਸੀਂ ਉਸ ਨੂੰ ਕੀ ਕਹਿੰਦੇ ਹਾਂ ?
7. ਕਿਸੇ ਵੀ ਤਾਲ ਦੇ ਇਕ ਚੱਕਰ ਨੂੰ ਕੀ ਕਹਿੰਦੇ ਹਨ ?
8. ਤਾਲ ਤੋਂ ਤੁਹਾਡਾ ਕੀ ਭਾਵ ਹੈ ?

**ਅਧਿਆਪਕ ਲਈ —**

**ਵਿਦਿਆਰਥੀ ਆਪਣੇ ਅਧਿਆਪਕ ਤੋਂ ਹੱਥ ਤੇ ਤਾਲਾਂ ਵਜਾਉਣ ਦਾ ਅਭਿਆਸ ਕਰਨਗੇ।**



Downloaded from https:// www.studiestoday.com

Downloaded from https:// www.studiestoday.com



# ਵਰਣ-ਸਥਾਈ, ਅਰੋਹੀ, ਅਵਰੋਹੀ, ਸੰਚਾਰੀ

## ਵਰਣ

ਗਾਉਂਦੇ ਵਜਾਉਂਦੇ ਸਮੇਂ ਸਵਰਾਂ ਦੇ ਪ੍ਰਯੋਗ ਤੋਂ ਆਵਾਜ਼ ਨੂੰ ਜੋ ਚਾਲ ਮਿਲਦੀ ਹੈ ਉਸ ਨੂੰ ਵਰਣ ਕਹਿੰਦੇ ਹਨ। ਗਾਉਂਦੇ ਵਜਾਉਂਦੇ ਸਮੇਂ ਸਵਰਾਂ ਦੀਆਂ ਅਨੇਕ ਚਾਲਾਂ ਹੁੰਦੀਆਂ ਹਨ ਜਿਵੇਂ ਹੇਠਲੇ ਸਵਰਾਂ ਤੋਂ ਉਪਰ ਦੇ ਸਵਰਾਂ ਤੱਕ ਜਾਣ ਦੀ ਕ੍ਰਿਆ ਜਾਂ ਉਪਰ ਦੇ ਸਵਰਾਂ ਤੋਂ ਹੇਠਲੇ ਸਵਰਾਂ ਤੱਕ ਆਉਣ ਦੀ ਕ੍ਰਿਆ ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਗਾਉਣ ਦੀ ਕ੍ਰਿਆ ਨੂੰ ਵਰਣ ਕਹਿੰਦੇ ਹਨ।"

ਵਰਣ ਕੁਲ ਚਾਰ ਤਰ੍ਹਾਂ ਦੇ ਹੁੰਦੇ ਹਨ।

1. ਸਥਾਈ ਵਰਣ
2. ਅਰੋਹੀ ਵਰਣ
3. ਅਵਰੋਹੀ ਵਰਣ
4. ਸਥਾਈ ਵਰਣ

**1. ਸਥਾਈ ਵਰਣ —**

ਜਦੋਂ ਸਵਰਾਂ ਦਾ ਰੂਪ ਸਥਾਈ ਹੋਵੇ ਸਿਰਫ ਆਪਣੇ ਹੀ ਸਥਾਨ ਤੇ ਕਾਇਮ ਰਹਿ ਕੇ ਸਵਰ ਦਾ ਉਚਾਰਣ ਬਾਰ-ਬਾਰ ਕੀਤਾ ਜਾਵੇ ਤੱਦ ਉਹ ਸਥਾਈ ਵਰਣ ਹੁੰਦਾ ਹੈ। ਜਿਵੇਂ ਸ ਸ ਸ ਰੇ ਰੇ ਰੇ, ਰੇ ਗ, ਗ, ਗ ਆਦਿ।

**2. ਅਰੋਹੀ ਵਰਣ —**

ਜਦੋਂ ਹੇਠਲੇ ਸਵਰਾਂ ਤੋਂ ਉੱਪਰ ਵੱਲ ਜਾਇਆ ਜਾਵੇ ਅਰਥਾਤ ਅਰੋਹੀ ਕ੍ਰਮ ਵਿੱਚ ਗਾਇਆ ਜਾਵੇ ਉਸ ਨੂੰ ਅਰੋਹੀ ਵਰਣ ਕਹਿੰਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।

**3. ਅਵਰੋਹੀ ਵਰਣ —**

ਜਦੋਂ ਉਪਰ ਦੇ ਸਵਰਾਂ ਤੋਂ ਹੇਠਲੇ ਸਵਰਾਂ ਵੱਲ ਗਾਉਂਦੇ ਹੋਏ ਵਾਪਿਸ ਆਇਆ ਜਾਵੇ ਅਰਥਾਤ ਉਤਰ ਦੇ ਕ੍ਰਮ ਵਿੱਚ ਆਇਆ ਜਾਵੇ ਉਸ ਨੂੰ ਅਵਰੋਹੀ ਵਰਣ ਕਹਿੰਦੇ ਹਨ ਜਿਵੇਂ ਸਂ ਨੀ ਧ ਪ ਮ ਗ ਰੇ ਸ।

**4. ਸੰਚਾਰੀ ਵਰਣ —**

ਸਥਾਈ, ਅਰੋਹੀ ਅਤੇ ਅਵਰੋਹੀ ਇਨ੍ਹਾਂ ਤਿੰਨਾਂ ਵਰਣਾ ਦੇ ਮੇਲ ਤੋਂ ਸੰਚਾਰੀ ਵਰਣ ਦੀ ਉਤਪੱਤੀ ਹੁੰਦੀ ਹੈ। ਕਹਿਣ ਦਾ ਭਾਵ ਹੈ ਕਿ ਗਾਉਣ ਵਿੱਚ ਕਦੇ ਵੀ ਇਕ ਹੀ ਸਵਰ ਬਾਰ-ਬਾਰ ਲੱਗਦਾ ਹੈ, ਕਦੇ ਸਵਰ ਉੱਪਰ ਵਲ ਅਤੇ ਕਦੇ ਹੇਠਾਂ ਵਲ ਗਾਏ ਵਜਾਏ ਜਾਂਦੇ ਹਨ ਇਸ ਤਰ੍ਹਾਂ ਜਦੋਂ ਸਵਰਾਂ ਦੇ ਭਿੰਨ-ਭਿੰਨ ਪ੍ਰਯੋਗਾਂ ਨਾਲ ਗਾਇਆ ਵਜਾਇਆ ਜਾਵੇ ਤਾਂ ਉਸ ਨੂੰ ਸੰਚਾਰੀ ਵਰਣ ਕਹਿੰਦੇ ਹਨ ਜਿਵੇਂ ਸ ਰੇ ਗ, ਮ ਮ ਪ ਪ ਧ ਧ ਮ ਗ ਰੇ ਰੇ ਸ।



Downloaded from https:// www.studiestoday.com

Downloaded from https:// www.studiestoday.com

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਗਾਉਂਦੇ ਵਜਾਉਂਦੇ ਸਮੇਂ ਸਵਰਾਂ ਦੇ ਪ੍ਰਯੋਗ ਤੋਂ ਜੋ ਆਵਾਜ਼ ਨੂੰ ਚਾਲ ਮਿਲਦੀ ਹੈ ਉਸ ਨੂੰ ਕੀ ਕਹਿੰਦੇ ਹਨ ?
2. ਸਥਾਈ ਵਰਣ ਤੋਂ ਕੀ ਭਾਵ ਹੈ ?
3. ਸਵਰਾਂ ਦੀ ਹੇਠਲੀ ਆਵਾਜ਼ ਤੋਂ ਉਪਰਲੀ ਆਵਾਜ਼ ਵੱਲ ਜਾਣ ਨੂੰ ਕਿਹੜਾ ਵਰਣ ਹੁੰਦਾ ਹੈ ?
4. ਜਦੋਂ ਉੱਪਰ ਦੇ ਸਵਰਾਂ ਤੋਂ ਹੇਠਲੇ ਸਵਰਾਂ ਵੱਲ ਗਾਣ-ਵਜਾਉਣ ਨੂੰ ਕਿਹੜਾ ਵਰਣ ਕਹਿੰਦੇ ਹਨ ?
5. ਸਥਾਈ, ਆਰੋਹੀ, ਅਵਰੋਹੀ ਤਿੰਨਾ ਵਰਣਾਂ ਦੇ ਮੇਲ ਤੋਂ ਕਿਹੜਾ ਵਰਣ ਬਣਦਾ ਹੈ ?

**ਅਧਿਆਪਕ ਲਈ —**

**ਸਿਤਾਰ ਤੇ ਸਥਾਈ, ਆਰੋਹੀ, ਅਵਰੋਹੀ, ਸੰਚਾਈ ਵਰਣਾ ਦਾ ਅਭਿਆਸ ਕਰਵਾਇਆ ਜਾਵੇ।**



Downloaded from https:// www.studiestoday.com

Downloaded from https:// www.studiestoday.com

ਪਾਠ-5

# ਆਲਾਪ- ਆਧੁਨਿਕ ਆਲਾਪ ਵਾਦਨ ਦੀ ਵਿਧੀ

ਆਲਾਪ

ਆਲਾਪ, ਰਾਗ ਦੇ ਵਿਸਤਾਰ ਕਰਨ ਦਾ ਇਕ ਸਾਧਨ ਹੈ।ਆਲਾਪ ਤੋਂ ਉਸ ਰਾਗ ਦੇ ਬਾਰੇ ਵਿੱਚ ਪਤਾ ਚਲਦਾ ਹੈ ਜਿਸ ਨੂੰ ਪ੍ਰਦਰਸ਼ਿਤ ਕਰਨਾ ਹੁੰਦਾ ਹੈ।

ਆਲਾਪ ਵਿੱਚ ਲੱਗਣ ਵਾਲੇ ਸਵਰਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਕਲਪਨਾਵਾਂ ਨਾਲ ਸਜੀਵ ਕਰਕੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿਉਂਕਿ ਸੰਗੀਤ ਵਿਚ ਹਰੇਕ ਸਵਰ ਦਾ ਅਪਣਾ ਹੀ ਮਹੱਤਵ, ਸੁੰਦਰਤਾ ਅਤੇ ਖ਼ੂਬਸੂਰਤੀ ਹੁੰਦੀ ਹੈ।

ਆਲਾਪ ਵਿੱਚ ਰਾਗ ਦੀ ਗੱਤ ਸ਼ੁਰੂ ਕਰਨ ਤੋਂ ਪਹਿਲਾਂ, ਬਿਨਾਂ ਕਿਸੇ ਤਾਲ ਤੋਂ ਰਾਗ ਦੇ ਵਾਦੀ, ਸਮਵਾਦੀ, ਮੀਂਡ, ਗਮਕ ਆਦਿ ਪ੍ਰਯੋਗ ਕਰਦੇ ਹੋਏ ਉਸ ਨੂੰ ਸਜਾਂਦੇ ਹਾਂ ਅਤੇ ਰਾਗ ਨੂੰ ਸਪਸ਼ਟ ਕਰਦੇ ਹਾਂ।ਆਲਾਪ ਗੰਭੀਰ ਪ੍ਰਕ੍ਰਿਤੀ ਦਾ ਹੁੰਦਾ ਹੈ।

ਪੰ. ਵਿਸ਼ਣੂ ਨਾਰਾਇਣ ਭਾਤਖੰਡੇ ਦੇ ਅਨੁਸਾਰ, "ਵਾਦਕ ਕੋਈ ਵੀ ਗਤ ਵਜਾਉਣ ਤੋਂ ਪਹਿਲਾਂ ਉਸ ਗਤ ਵਿਚ ਲੱਗਣ ਵਾਲੇ ਰਾਗ ਸਵਰੂਪ ਦਾ ਥੋੜਾ ਜਿਹਾ ਦਿਗਦਰਸ਼ਨ ਕਰਾਉਂਦੇ ਹਨ, ਉਸੀ ਦੇ ਪ੍ਰਚਾਰ ਵਿੱਚ ਆਲਾਪ ਕਰਦੇ ਹਨ।"

ਜਦੋਂ ਆਲਾਪ ਵਿੱਚ ਮੰਦਰ ਸਪਤਕ ਤੋਂ ਮੱਧ ਸਪਤਕ ਨੂੰ ਲੈਂਦੇ ਹੋਏ ਤਾਰ ਸਪਤਕ ਵਲ ਹੌਲੀ-ਹੌਲੀ ਬੜਤ ਕਰਦੇ ਹੋਏ ਸਵਰਾਂ ਨੂੰ ਵਾਜਾਇਆ ਜਾਂਦਾ ਹੈ, ਉਸ ਨੂੰ ਆਲਾਪ ਕਿਹਾ ਜਾਂਦਾ ਹੈ।

ਆਲਾਪ ਵਜਾਉਣ ਜਾਂ ਪ੍ਰਸਤੁਤ ਕਰਨ ਦਾ ਹਰੇਕ ਵਾਦਕ ਦਾ ਆਪਣਾ-ਅਪਣਾ ਢੰਗ ਹੁੰਦਾ ਹੈ।

**ਆਧੁਨਿਕ ਆਲਾਪ ਵਾਦਨ ਦੀ ਵਿਧੀ**

ਵਾਦਨ ਵਿੱਚ ਆਲਾਪ ਚਾਰ ਤਰ੍ਹਾਂ ਦਾ ਹੁੰਦਾ ਹੈ—

1. ਮੰਦ ਆਲਾਪ
2. ਮੱਧ ਆਲਾਪ
3. ਜੋੜ ਆਲਾਪ
4. ਦਰੁਤ ਆਲਾਪ

**1. ਮੰਦ ਆਲਾਪ —**

ਇਹ ਆਮ ਤੌਰ ਤੇ ਮੱਧ ਸ ਤੋਂ ਸ਼ੁਰੂ ਕੀਤਾ ਜਾਂਦਾ ਅਤੇ ਇਕ ਦੋ ਸਵਰਾ ਨੂੰ ਬਾਰ-ਬਾਰ ਵਜਾ ਕੇ ਬਾਕੀ ਸਵਰਾਂ ਨੂੰ ਜੋੜਦੇ ਹੋਏ ਅੱਗੇ ਵੱਧਦੇ ਹਾਂ ਅਤੇ ਰਾਗ ਦੇ ਰੂਪ ਨੂੰ ਸਪਸ਼ਟ ਕਰਦੇ ਹਾਂ।ਇਸ ਆਲਾਪ ਵਿੱਚ ਸਵਰਾਂ ਦੀ ਜਗ੍ਹਾਂ ਦੀ ਸ਼ੁਧਤਾ ਤੇ ਖਾਸ ਧਿਆਨ ਦਿੱਤਾ ਜਾਂਦਾ ਹੈ।ਵਾਦਨ ਦੇ ਆਲਾਪ ਦਾ ਇਕ ਮੁੱਖੜਾ ਹੁੰਦਾ ਹੈ ਜਿਸ ਨੂੰ ਆਲਾਪ ਦਾ ਸਮ ਕਹਿੰਦੇ ਹਨ ਇਹ ਆਲਾਪ ਦੇ ਹਰ ਟੁਕੜੇ ਦੇ ਪੂਰੇ ਹੋਣ ਤੇ ਵਜਾਇਆ ਜਾਂਦਾ ਹੈ ਜਿਵੇਂ —



Downloaded from https:// www.studiestoday.com

Downloaded from https:// www.studiestoday.com

ਨੀ,ਨੀ,ਰੇ ਸ।

**2. ਮੱਧ ਆਲਾਪ —**

ਮੱਦ ਆਲਾਪ ਤੋਂ ਬਾਅਦ ਆਲਾਪ ਦੀ 'ਗਤੀ' (ਲੈਅ) ਥੋੜੀ ਜਿਹੀ ਵੱਧਾ ਦਿੱਤੀ ਜਾਂਦੀ ਹੈ।ਇਸ ਆਲਾਪ ਦੀ ਲੈਅ ਲਗਭਗ ਡੇੜ ਕੁ ਗੁਣਾ ਜਿਆਦਾ ਹੁੰਦੀ ਹੈ।ਗਲਤੀ ਨਹੀਂ ਚੱਕੀ ਗਈ, ਕੁ ਗੁਣਾ ਜ਼ਿਆਦਾ ਹੁੰਦੀ ਹੈ। ਇਸ ਵਿੱਚ ਛੋਟੇ-ਛੋਟੇ ਸਵਰ ਸਮੂਹਾਂ ਨਾਲ ਸਵਰਾ ਦਾ ਵਿਸਤਾਰ ਕੀਤਾ ਜਾਂਦਾ ਹੈ ਇਸ ਵਿੱਚ ਜੋੜੇ ਬਣਾ ਕੇ ਵਜਾਏ ਜਾਂਦੇ ਹਨ।ਜਿਵੇਂ — ਨਿਧ ਨਿਧ ਸਨੀ ਰੇਸ।

**3. ਜੋੜ ਆਲਾਪ —**

ਜੋੜ ਆਲਾਪ ਵਿੱਚ ਲੈਅ ਹੋਰ ਵੱਧ ਜਾਂਦੀ ਹੈ।ਇਸ ਦੀ ਗਤੀ ਮੰਦ ਆਲਾਪ ਤੋਂ ਲਗਭਗ ਦੁਗਣੀ ਹੁੰਦੀ ਹੈ।ਇਸ ਵਿੱਚ ਸਵਰਾਂ ਦੇ ਲੰਬੇ-ਲੰਬੇ ਆਵਰਤਨ ਬਣਾਏ ਜਾਂਦੇ ਹਨ।ਆਲਾਪ ਦੇ ਇਸ ਭਾਗ ਵਿੱਚ ਰਾਗ ਦੀ ਚਲਨ ਦਿਖਾਈ ਜਾਂਦੀ ਹੈ ਅਤੇ ਤੋੜੇ ਦੁਗੁਣ ਵਿੱਚ ਦਾਰਾ, ਦਾਰਾ ਬੋਲ ਵਜਾਏ ਜਾਂਦੇ ਹਨ। ਤੋੜਿਆ ਦੀ ਸਮਾਪਤੀ ਤੇ ਆਲਾਪ ਦਾ ਸਮ ਦਿਖਾਇਆ ਜਾਂਦਾ ਹੈ।

**4. ਦਰੁਤਲਾਪ —**

ਜੋੜਲਾਪ ਦੇ ਪੂਰਾ ਹੋਣ ਤੇ ਲੈਅ ਹੋਰ ਵਧਾਈ ਜਾਂਦੀ ਹੈ ਅਤੇ ਇਸ ਵਿੱਚ ਮਿਜ਼ਰਾਬ ਨਾਲ ਠੋਂਕ ਝਾਲਾ ਵਜਾਂਦੇ ਹਾਂ।ਕਿਸੇ ਵੀ ਸਵਰ ਨੂੰ ਵਜਾਂਦੇ ਹੋਏ ਮਿਜ਼ਰਾਬ ਨਾਲ ਸਿਤਾਰ ਦੀ ਤਾਰ ਤੇ ਚੋਟ ਇੰਨੀ ਜ਼ੋਰ ਨਾਲ ਕੀਤੀ ਜਾਂਦੀ ਹੈ ਕਿ ਤਬਲੀ ਤੇ ਵੀ ਚੋਟ ਹੋਵੇ ਉਸ ਨੂੰ ਠੋਂਕ ਵਜਾਣਾ ਕਹਿੰਦੇ ਹਨ (ਹਰੇਕ ਲੈਅ ਦਾ ਝਾਲਾ ਖਤਮ ਕਰਕੇ ਆਲਾਪ ਦਾ ਸਮ ਉਸ ਤੋਂ ਅੱਧੀ ਲੈਅ ਵਿੱਚ ਵਜਾਇਆ ਜਾਂਦਾ ਹੈ। ਅੰਤ ਵਿੱਚ ਚੋਗੁਣ ਦੇ ਤੋੜੇ ਵਜਾ ਕੇ ਆਲਾਪ ਦੇ ਸਮ ਤੇ ਆਲਾਪ ਖਤਮ ਕਰ ਦਿੱਤਾ ਜਾਂਦਾ ਹੈ।ਇਸ ਭਾਗ ਵਿੱਚ ਲੈਅ ਨੂੰ ਮੁੱਖ ਰੱਖਿਆ ਜਾਂਦਾ ਹੈ।

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਆਲਾਪ ਤੋਂ ਕਿਸ ਦੀ ਪਹਿਚਾਨ ਹੁੰਦੀ ਹੈ।
2. ਰਾਗ ਦੀ ਗਤ ਸ਼ੁਰੂ ਕਰਨ ਤੋਂ ਪਹਿਲਾ ਕੀ ਵਜਾਇਆ ਜਾਂਦਾ ਹੈ ?
3. ਮੱਧ ਆਲਾਪ ਤੋਂ ਕੀ ਭਾਵ ਹੈ ?
4. ਜਿਸ ਆਲਾਪ ਵਿੱਚ ਲੈਅ ਵਧਾਈ ਜਾਂਦੀ ਹੈ ਉਸ ਨੂੰ ਕੀ ਕਹਿੰਦੇ ਹਨ ?
5. ਜੋੜ ਆਲਾਪ ਦੀ ਸਮਾਪਤੀ ਤੇ ਕੀ ਦਿਖਾਇਆ ਜਾਂਦਾ ਹੈ।

**ਅਧਿਆਪਕ ਲਈ —**

**ਵਿਦਿਆਰਥੀਆਂ ਨੂੰ ਸਿਤਾਰ ਤੇ ਆਲਾਪ ਵਜਾ ਕੇ ਦਿਖਾਇਆ ਜਾਵੇ ਅਤੇ ਅਭਿਆਸ ਕਰਵਾਇਆ ਜਾਵੇ।**



Downloaded from https:// www.studiestoday.com

Downloaded from https:// www.studiestoday.com

## ਪਾਠ - 6

## ਨਾਦ - ਅਨਾਹਤ ਨਾਦ, ਆਹਤ ਨਾਦ

### ਨਾਦ

ਨਾਦ ਦਾ ਅਰਥ ਹੈ, ਆਵਾਜ਼। ਕੋਈ ਵੀ ਆਵਾਜ਼ ਜਿਸ ਨੂੰ ਅਸੀਂ ਸੁਣਦੇ ਹਾਂ, ਨਾਦ ਕਹੀ ਜਾ ਸਕਦੀ ਹੈ। ਪਰ ਸੰਗੀਤ ਵਿੱਚ ਸੁਰੀਲੀ ਅਤੇ ਮਧੁਰ ਆਵਾਜ਼ ਨੂੰ ਹੀ ਨਾਦ ਕਹਿ ਸਕਦੇ ਹਾਂ।

ਸੰਗੀਤ ਦਾ ਆਧਾਰ ਨਾਦ ਹੈ ਅਰਥਾਤ ਗਾਇਨ ਵਾਦਨ ਅਤੇ ਨ੍ਰਿਤ ਇਹ ਤਿੰਨੋਂ ਕਲਾਵਾਂ ਨਾਦ ਦੇ ਅਧੀਨ ਮੰਨਿਆ ਗਈਆ ਹਨ। ਇਹ ਤਿੰਨੋਂ ਨਾਦ ਤੇ ਹੀ ਅਧਾਰਿਤ ਹਨ। ਇਹਨਾਂ ਮਧੁਰ ਆਵਾਜ਼ ਦੇ ਭਿੰਨ-ਭਿੰਨ ਪ੍ਰਯੋਗਾਂ ਤੋਂ ਹੀ ਸੰਗੀਤ ਬਣਦਾ ਹੈ।

ਕਵੀ ਲੋਚਨ ਨੇ 'ਰਾਗ ਤਰੰਗਣੀ' ਵਿੱਚ ਨਾਦ ਦਾ ਮਹਤੱਵ ਬਾਰੇ ਇਸ ਤਰ੍ਹਾਂ ਲਿਖਿਆ ਹੈ :–

"ਨਾਂ ਨਾਦ ਬਿਨਾਂ ਗੀਤ ਦੀ ਉਤਪੱਤੀ ਹੋ ਸਕਦੀ ਹੈ, ਨਾਂ ਹੀ ਸਵਰ ਪੈਦਾ ਹੋ ਸਕਦਾ ਹੈ, ਨਾਂ ਹੀ ਨਾਦ ਬਿਨਾਂ ਗਿਆਨ ਪ੍ਰਾਪਤ ਹੋ ਸਕਦਾ ਹੈ ਅਤੇ ਨਾਂ ਹੀ ਨਾਦ ਤੋਂ ਬਿਨਾਂ ਕਲਿਆਣ ਹੋ ਸਕਦਾ ਹੈ।"

ਨਾਦ ਦੇ ਦੋ ਭੇਦ ਮੰਨੇ ਗਏ ਹਨ —

1. ਅਨਾਹਤ ਨਾਦ

2. ਆਹਤ ਨਾਦ

**1. ਅਨਾਹਤ ਨਾਦ —**

ਜੋ ਨਾਦ (ਆਵਾਜ਼) ਬਿਨਾਂ ਕਿਸੀ ਚੋਟ ਜਾਂ ਰਹ ਤੋਂ ਪੈਦਾ ਹੋਵੇ ਉਸ ਨੂੰ ਅਨਾਹਦ ਨਾਦ ਕਿਹਾ ਜਾਂਦਾ ਹੈ। ਇਹ ਬਹੁਤ ਹੀ ਸੂਖਮ ਨਾਦ ਹੈ। ਇਹ ਸਾਡੇ ਕੰਨਾਂ ਨੂੰ ਸੁਣਾਈ ਨਹੀਂ ਦਿੰਦਾ ਪਰ ਜਦੋਂ ਅਸੀਂ ਦੋਵੇਂ ਕੰਨਾਂ ਵਿੱਚ ਆਪਣੀਆਂ ਉਂਗਲੀਆਂ ਪਾਈਏ ਅਤੇ ਜਿਹੜੀ ਸਾਂ-ਸਾਂ ਜਾਂ ਸਨਸਨਾਹਟ ਜਹੀ ਆਵਾਜ਼ ਸੁਣਾਈ ਦਵੇਗੀ ਉਹ ਹੀ ਅਨਾਹਤ ਨਾ ਹੈ। ਇਸ ਨਾਦ ਦੀ ਆਵਾਜ਼ ਸੁਣਾਈ ਨਹੀਂ ਦਿੰਦੀ ਇਸ ਲਈ ਇਹ ਸੰਗੀਤ ਉਪਯੋਗੀ ਨਹੀਂ ਹੈ। ਇਸ ਨਾਦ ਦਾ ਪ੍ਰਯੋਗ ਸਿਰਫ ਰਿਸ਼ੀ ਮੁਨੀ ਹੀ ਆਪਣੀ ਯੋਗ ਸਾਧਨਾ ਅਤੇ ਮੋਕਸ਼ ਪ੍ਰਾਪਤ ਕਰਨ ਲਈ ਹੀ ਕਰਦੇ ਹਨ।

**2. ਆਹਤ ਨਾਦ —**

ਜੋ ਨਾਦ ਕਿਸੇ ਵਸਤੂ ਤੇ ਚੋਟ ਲਗਾਉਣ ਨਾਲ ਰਗੜ ਨਾਲ ਜਾਂ ਟਕਰਾਉਣ ਨਾਲ ਪੈਂਦਾ ਹੁੰਦੀ ਹੈ ਉਸ ਨੂੰ ਆਹਤ ਨਾਦ ਕਹਿੰਦੇ ਹਨ ਆਹਤ ਦਾ ਅਰਥ ਹੈ 'ਟਕਰਾਉਣਾ'।

ਸੰਗੀਤ ਉਪਯੋਗੀ ਆਹਤ ਨਾਦ ਆਮ ਤੌਰ ਤੇ ਤਿੰਨ ਤਰ੍ਹਾਂ ਨਾਲ ਪੈਦਾ ਹੁੰਦਾ ਹੈ —

1. ਇਕ ਵਸਤੂ ਦਾ ਦੂਸਰੀ ਚੀਜ਼ ਤੇ ਚੋਟ ਮਾਰਣ ਨਾਲ ਜਾਂ ਟਕਰਾਉਣ ਨਾਲ ਜਿਵੇਂ ਤਬਲਾ ਢੋਲਕ ਆਦਿ ਸਾਜ਼ਾਂ ਤੇ ਹੱਥ ਦੀ ਚੋਟ ਨਾਲ ਅਤੇ ਸਿਤਾਰ ਦੀ ਤਾਰ ਤੇ ਮਿਜ਼ਰਾਬ ਦੇ ਟਕਰਾਉਣ ਨਾਲ ਆਵਾਜ਼ ਪੈਂਦਾ ਹੁੰਦੀ ਹੈ।

2. ਸਾਰੰਗੀ ਵਾਇਲਨ ਆਦਿ ਸਾਜ਼ਾ ਤੇ ਗਜ਼ ਦੀ ਰਗੜ ਨਾਲ ਆਵਾਜ਼ ਪੈਦਾ ਹੋਣਾ।



Downloaded from https:// www.studiestoday.com

Downloaded from https:// www.studiestoday.com

3. ਹਾਰਮੋਨੀਅਮ, ਸ਼ਹਿਨਾਈ ਬੰਸਰੀ ਆਦਿ ਸਾਜ਼ਾ ਵਿੱਚ ਹਵਾ ਪ੍ਰਵੇਸ ਕਾਰਨ ਆਵਾਜ਼ ਦਾ ਪੈਦਾ ਹੋਣਾ।

4. ਜਦੋਂ ਗਾਇਕ ਦਾ ਜਾਂ ਮਨੁੱਖ ਦਾ ਸਾਹ ਜਦੋਂ ਕੰਠ ਨਾਲੀਆਂ ਅਤੇ ਮੂੰਹ ਨਾਲ ਸਪਰਸ਼ ਕਰਦੇ ਹੋਏ ਧਵਨੀ ਦੇ ਰੂਪ ਵਿੱਚ ਨਿਕਲਦਾ ਹੈ।

ਉਪਰ ਲਿਖਿਤ ਆਹਤ ਨਾਦ ਦੀਆਂ ਉਦਾਹਰਣਾ ਹਨ।

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਨਾਦ ਤੋਂ ਕੀ ਭਾਵ ਹੈ ?
2. ਸੰਗੀਤ ਦਾ ਆਧਾਰ ਕੀ ਹੈ ?
3. ਜੋ ਨਾਦ ਬਿਨਾ ਕਿਸੀ ਚੋਟ ਤੋਂ ਪੈਦਾ ਹੋਵੇ, ਉਹ ਕਿਹੜਾ ਨਾਦ ਹੈ ?
4. ਕੰਨਾਂ ਤੇ ਉਂਗਲੀਆਂ ਰੱਖਕੇ ਸਾਨੂੰ ਕਿਸ ਤਰ੍ਹਾਂ ਦੀ ਆਵਾਜ਼ ਸੁਣਾਈ ਦਿੰਦੀ ਹੈ ?
5. ਜੋ ਨਾਦ ਆਪਸੀ ਰਗੜ ਤੋਂ ਪੈਦਾ ਹੋਵੇ ਉਹ ਕਿਹੜਾ ਨਾਦ ਹੈ ?
6. ਸਾਰੰਗੀ ਤੇ ਕਿਸ ਚੀਜ਼ ਨਾਲ ਰਗੜ ਮਾਰਕੇ ਧਵਨੀ ਪੈਦਾ ਕੀਤੀ ਜਾਂਦੀ ਹੈ ?
7. ਹਾਰਮੋਨੀਯਮ, ਸ਼ਹਿਨਾਈ, ਬੰਸਰੀ ਵਿੱਚ ਕਿਸ ਤਰ੍ਹਾਂ ਆਵਾਜ਼ ਪੈਦਾ ਕੀਤੀ ਜਾਂਦੀ ਹੈ ?

**ਅਧਿਆਪਕ ਲਈ —**

1. ਵਿਦਿਆਰਥੀਆਂ ਦੇ ਕੰਨਾਂ ਤੇ ਹੱਥ ਰੱਖਕੇ ਮਹਿਸੂਸ ਕਰਵਾਉ ਕਿ ਜੋ ਆਵਾਜ਼ ਅੰਦਰੋ ਆ ਰਹੀ ਹੈ ਉਹ ਅਨਾਹਤ ਨਾਦ ਹੈ।
2. ਸੰਗੀਤ ਰੂਮ ਵਿੱਚ ਪਏ ਭਿੰਨ-ਭਿੰਨ ਵਾਦਾਂ ਤੇ ਚੋਟ ਮਾਰਕੇ, ਹਵਾ ਭਰਦੇ, ਆਪਸੀ ਰਗੜ ਨਾਲ ਵਿਦਿਆਰਥੀਆਂ ਕੋਲੋਂ ਧਵਨੀ ਪੈਦਾ ਕਰਵਾਕੇ ਆਹਤ ਨਾਦ ਬਾਰੇ ਦਸਿਆ ਜਾਵੇ।



Downloaded from https:// www.studiestoday.com

Downloaded from https:// www.studiestoday.com



# ਭਾਰਤੀ ਸੰਗੀਤ ਵਿੱਚ ਵਾਦਾਂ ਦਾ ਮਹੱਤਵ

ਪ੍ਰਾਚੀਨ ਕਾਲ ਤੋਂ ਹੀ ਭਿੰਨ-ਭਿੰਨ ਤਰ੍ਹਾਂ ਦੇ ਵਾਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ ਜਿਵੇਂ ਸਰਸਵਤੀ ਦੀ ਵੀਨਾ, ਭਗਵਾਨ ਸ਼ੰਕਰ ਦਾ ਡਮਰੂ, ਵਿਸ਼ਨੂੰ ਦਾ ਸ਼ੰਖ, ਕ੍ਰਿਸ਼ਨ ਦੀ ਬਾਸੁੰਰੀ ਆਦਿ।ਸੰਗੀਤ ਵਾਦਾਂ ਦੇ ਸਹਿਯੋਗ ਨਾਲ ਹੀ ਅੱਗੇ ਪ੍ਰਭਾਵਸ਼ਾਲੀ ਬਣਦਾ ਹੈ।ਸੰਗੀਤ ਦੀਆਂ ਮੁੱਖ ਤਿੰਨ ਕਲਾਵਾਂ ਹਨ ਗਾਇਨ, ਵਾਦਨ ਤੇ ਨਰਿਤ ਇਹ ਤਿੰਨੋਂ ਕਲਾਵਾ ਵੀ ਅਲੱਗ-ਅਲੱਗ ਵਾਕਾਂ ਤੇ ਅਧਾਰਿਤ ਹੈ। ਜੇਕਰ ਇਹਨਾਂ ਕਲਾਵਾਂ ਵਿੱਚ ਵਾਦਾਂ ਦਾ ਪ੍ਰਯੋਗ ਨਾ ਕੀਤਾ ਜਾਵੇ ਤਾਂ ਇਹ ਕਲਾਵਾਂ ਵਾਦਾ ਤੋਂ ਬਿਨਾਂ ਨੀਰਸ, ਬੇਜਾਨ ਲਗਣਗੀਆਂ।ਇਹਨਾਂ ਕਲਾਵਾਂ ਵਿੱਚ ਵਾਦ ਤਾਲ ਤੇ ਲੈਅ ਦੇਣ ਲਈ ਵਰਤੇ ਜਾਂਦੇ ਹਨ। ਇਥੇ ਕਹਿਣਾ ਗਲਤ ਨਹੀਂ ਕਿ ਸਵਰ ਲੈਅ ਤਾਲ ਦੇਣ ਵਾਲੇ ਵਾਦਾਂ ਤੋਂ ਬਿਨਾ ਸਾਡਾ ਸਮੁੱਚਾ ਸੰਗੀਤ ਅਧੂਰਾ ਹੈ, ਇਸ ਲਈ ਸੰਗੀਤ ਵਿਚ ਤਾਲ ਵਾਦਾਂ ਤੇ ਸਵਰ ਵਾਦਾਂ ਦਾ ਆਪਣਾ ਹੀ ਮਹੱਤਵ ਹੈ।ਅਲਗ-ਅਲਗ ਸ਼ੈਲੀਆਂ ਦਾ ਚਲਣ ਵੱਖਰਾ ਹੋਣ ਕਰਕੇ ਅਲਗ-ਅਲਗ ਵਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਆਧਾਰ ਤੇ ਵਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਵਾਦਾਂ ਨੂੰ ਅਸੀਂ ਚਾਰ ਭਾਗਾਂ ਵਿੱਚ ਵੰਡਦੇ ਹਾਂ –

1. **ਤੱਤ ਵਾਦ** — ਜਿਨ੍ਹਾਂ ਵਾਦਾ ਤੇ ਪ੍ਰਹਾਰ ਉਂਗਲੀ ਨਾਲ, ਗਜ ਨਾਲ, ਲਕੜੀ ਨਾਲ ਜਾ ਮਿਜਰਾਬ ਨਾਲ ਕੀਤਾ ਜਾਂਦਾ ਉਹਨਾਂ ਨੂੰ ਤੱਤ ਵਾਦ ਕਹਿੰਦੇ ਹਨ ਜਿਵੇਂ — ਸਿਤਾਰ, ਤਾਨਪੁਰਾ, ਦਿਲਰੁਬਾ, ਸਾਰੰਗੀ, ਵਾਇਲਨ ਸੰਤਰ ਇਸੀ ਸ਼੍ਰੇਣੀ ਵਿੱਚ ਆਉਂਦੇ ਹਨ।

2. **ਅਵਨਦ ਵਾਦ** — ਜਿਨਾਂ ਵਾਦਾਂ ਤੇ ਚਮੜਾ ਮੜਿਆ ਹੁੰਦਾ ਹੈ ਉਸ ਤੇ ਪ੍ਰਹਾਰ ਕਰਨ ਤੇ ਸੁਰ ਉਤਪਨ ਹੁੰਦਾ ਹੈ, ਉਹ ਅਵਨਦ ਵਾਦ ਹੈ ਜਿਲੇ, ਢੋਲ, ਢੋਲਕੀ, ਢੱਡ, ਤਬਲਾ, ਨਗਾਰਾ, ਖੰਜਰੀ, ਡਮਰੂ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

3. **ਸ਼ੁਸ਼ਿਰ ਵਾਦ** — ਜਿਨ੍ਹਾਂ ਵਾਕਾਂ ਵਿੱਚ ਹਵਾ ਭਰਕੇ ਹਵਾ ਦੀ ਕੰਪਨ ਨਾਲ ਸਵਰ ਉਤਪਨ ਕੀਤੇ ਜਾਂਦੇ ਹਨ ਉਹ ਸ਼ੁਸ਼ਿਰ ਵਾਦ ਹਨ ਜਿਵੇਂ – ਹਰਮੋਨਿਅਮ, ਵੀਨਾ, ਸ਼ਹਨਾਈ ਅਲਗੋਜੇ, ਪਿਆਨੋ ਆਦਿ ਇਹ ਸਾਰੇ ਵਾਦ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

4. **ਘਣਵਾਦ** — ਜਿਨ੍ਹਾਂ ਵਾਦਾਂ ਤੇ ਲਕੜੀ ਦੀ ਛੜੀ ਨਾਲ ਪ੍ਰਹਾਰ ਨਾਲ ਜਾ ਆਪਸੀ ਰਗੜ ਨਾਲ ਜੋ ਸੰਗੀਤ ਪੈਦਾ ਕੀਤਾ ਜਾਂਦਾ ਹੈ ਉਹਨਾਂ ਵਾਦਾਂ ਨੂੰ ਘਣਵਾਦ ਕਹਿੰਦੇ ਹਨ, ਜਿਵੇਂ—ਚਿਮਟਾ, ਮੰਜੀਰਾ, ਖੜਤਾਲ ਛੁਣਛੁਣਾ ਆਦਿ ਇਹ ਸਾਰੇ ਵਾਦ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

ਇਹ ਚਾਰੇ ਤਰ੍ਹਾਂ ਦੇ ਵਾਦਾਂ ਦਾ ਪ੍ਰਯੋਗ ਸੰਗੀਤ ਵਿੱਚ ਕੀਤਾ ਜਾਂਦਾ ਹੈ।ਅੱਜ ਕੱਲ ਭਾਰਤੀ ਸੰਗੀਤ ਵਿੱਚ ਇਕਾਕੀ ਵਾਦਨ ਦਾ ਬਹੁਤ ਪ੍ਰਚਲਨ ਹੈ ਇਸ ਵਿੱਚ ਵਾਦਕ ਕਿਸੇ ਇੱਕ ਵਾਦ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਇਕਲਾ ਹੀ ਕਰਦਾ ਹੈ ਇਕਾਕੀ ਵਾਦਨ ਦੇ ਅੰਤਰਗਤ ਤਬਲਾ, ਸਿਤਾਰ, ਹਰਮੋਨਿਅਮ, ਸਾਰੰਗੀ, ਸਰੋਦ, ਵਚਿੱਤਰ ਵੀਨਾ, ਆਦਿ ਵਾਦ ਆਉਂਦੇ ਹਨ।ਅੱਜ ਕੱਲ ਗਾਇਕੀ ਦੀ ਕਲਾ ਵਿੱਚ ਹਰਮੋਨਿਅਮ ਇਕਾਕੀ ਵਾਦਨ ਵਜੋਂ ਬਹੁਤ ਹੀ ਪ੍ਰਚਲਨ ਵਿੱਚ ਆ ਰਿਹਾ ਹੈ ਇਹ ਸਾਜ ਅਵਾਜ ਦਾ ਸੁਰ ਭਰਨ ਲਈ ਵਰਤਿਆ ਜਾਂਦਾ



Downloaded from https:// www.studiestoday.com

Downloaded from https:// www.studiestoday.com

ਹੈ ਇਸੀ ਤਰ੍ਹਾਂ ਇਕਾਕੀ ਵਾਦਕ ਦੇ ਵਾਦਾ ਵਿੱਚੋਂ ਤਬਲੇ ਦਾ ਪ੍ਰਚਲਨ ਅੱਜ ਕੱਲ ਬਹੁਤ ਹੈ ਹਰ ਇਕ ਸੰਗੀਤ ਨਾਲ ਜਾ ਇਕਾਕੀ ਵਾਦਨ ਦੇ ਰੂਪ ਵਿੱਚ ਤਬਲਾ ਵਾਦਕ ਇਸ ਪ੍ਰਦਰਸ਼ਨ ਲੈਅ ਤੇ ਤਾਲ ਦੇਣ ਲਈ ਕਰਦਾ ਹੈ। ਜੇਕਰ ਇਹ ਸਾਜ ਸੰਗੀਤ ਕਲਾਵਾਂ ਨਾਲ ਨਾ ਵਜੇ ਤਾ ਸੰਗੀਤ ਨਿਰਸ ਲਗਦਾ ਹੈ।

ਅੱਜ ਕੱਲ ਇਕਾਕੀ ਵਾਦਨ ਦੇ ਨਾਲ ਵਾਦਵਰਿੰਦ ਦਾ ਵੀ ਬਹੁਤ ਪ੍ਰਚਲਨ ਕੇ ਇਸ ਕਲਾ ਵਿੱਚ ਜਦੋਂ ਵਾਦਾਂ ਦੇ ਸਮੂਹ ਨੂੰ ਇਕ ਸੁਰ ਵਿਚ ਮਿਲਾਕੇ ਛੇੜਿਆ ਜਾਂਦਾ ਹੈ ਤਾਂ ਜੋ ਧੁਨੀ ਇਹਨਾਂ ਵਾਦਾਂ ਤੋਂ ਨਿਕਲਦੀ ਹੈ ਉਹ ਸਰੋਤਿਆ ਦੇ ਕੰਨਾ ਨੂੰ ਬਹੁਤ ਚੰਗੀ ਲਗਦੀ ਹੈ ਅਤੇ ਉਹਨ੍ਹਾਂ ਦੇ ਮੰਨਾ ਨੂੰ ਚੰਗੀ ਟੁੰਬਦੀ ਰਹਿੰਦੀ ਹੈ।ਇਹਨਾਂ ਸਮੁੱਚੇ ਵਾਕਾਂ ਦੀ ਝਨਕਾਰ ਨਾਲ ਵਾਤਾਵਰਨ ਸੰਗੀਤਮਈ ਹੋ ਜਾਂਦਾ ਹੈ।

ਸਾਡਾ ਸਮੁੱਚਾ ਸੰਗੀਤ ਦਾ ਖੇਤਰ ਇਹਨਾਂ ਵਿਸ਼ਾਲ ਹੈ ਕਿ ਇਸ ਵਿੱਚ ਹਰ ਵਾਦ ਆਪਣਾ ਵਿਸ਼ੇਸ਼ ਸਥਾਨ ਰਖਦਾ ਹੈ ਅੱਜ ਕੱਲ ਭਾਰਤੀ ਸੰਗੀਤ ਵਿੱਚ ਪੱਛਮੀ ਵਾਦਾ ਦਾ ਵੀ ਪ੍ਰਚਲਨ ਬਹੁਤ ਵੱਧ ਗਿਆ ਹੈ।ਹੁਣ ਤਾਂ ਧਾਰਮਿਕ ਸਥਾਨ ਤੇ, ਚਲ ਚਿੱਤਰ, ਵਿੱਚ, ਡਰਾਮੇ ਵਿੱਚ, ਰੇਡਿਓ, ਟੀ.ਵੀ. ਦੇ ਅਰੰਭ ਜਾ ਵਿੱਚ-ਵਿੱਚ ਅਲਗ ਤਰ੍ਹਾਂ ਦੇ ਮਾਹੌਲ ਦੇ ਮੁਤਾਬਿਕ ਲੈਅ ਅਤੇ ਸੁਰ ਦੇਣ ਲਈ ਵਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਅੰਤ ਵਿੱਚ ਜੇਕਰ ਅਸੀਂ ਇਹ ਕਹਿ ਦੇਈਏ ਕਿ ਸੰਗੀਤ ਦੀ ਸੰਪੂਰਤਾ ਹੀ ਸਵਰ ਵਾਦਾਂ ਤੇ ਲੈਅ ਵਾਦਾਂ ਤੇ ਨਿਰਭਰ ਹੈ ਤਾਂ ਇਹ ਕਹਿਣਾ ਗਲਤ ਨਹੀਂ ਕਿ ਸੰਗੀਤ ਦਾ ਜਨਮ ਹੀ ਵਾਦਾਂ ਦੁਆਰਾ ਹੋਇਆ ਹੈ ਇਸ ਲਈ ਸਮੁੱਚਾ ਸੰਗੀਤ ਭਿੰਨ-ਭਿੰਨ ਤਰ੍ਹਾਂ ਦੇ ਵਾਦਾ ਤੇ ਨਿਰਭਰ ਹੈ ਵਾਦਾ ਦਾ ਸੰਗੀਤ ਵਿਚ ਇਹਨਾਂ ਮਹੱਤਵ ਹੈ ਕਿ ਇਹਨਾਂ ਦੇ ਬਿਨਾਂ ਅਸੀਂ ਸੰਗੀਤ ਦੀ ਕਲਪਨਾ ਨਹੀਂ ਕਰ ਸਕਦੇ।

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਸੰਗੀਤ ਕਿਸ ਦੇ ਸਹਿਯੋਗ ਨਾਲ ਪ੍ਰਭਾਵ ਸ਼ਾਲੀ ਬਣਦਾ ਹੈ ?
2. ਸੰਗੀਤ ਦੀਆਂ ਕਿਹੜੀਆਂ-ਕਿਹੜੀਆਂ ਕਲਾਵਾਂ ਹਨ ਜਿਹੜੀਆਂ ਵਾਦਾਂ ਤੇ ਆਧਾਰਿਤ ਹਨ ?
3. ਇਕਲ ਵਾਦਨ ਕੀ ਹੈ ?
4. ਵਾਦਵਰਿੰਦ ਤੋਂ ਤੁਸੀਂ ਕੀ ਸਮਝਦੇ ਹੋ ?
5. ਤੱਤ ਵਾਦ ਵਿੱਚ ਕਿਹੜੇ-ਕਿਹੜੇ ਵਾਦ ਆਉਂਦੇ ਹਨ।
6. ਅਵਨਦ ਵਾਦ ਕਿਹੜੇ ਹਨ ?
7. ਜਿਨ੍ਹਾਂ ਵਾਦਾਂ ਵਿੱਚ ਹਵਾ ਭਰਕੇ ਵਜਾਇਆ ਜਾਂਦਾ ਹੈ ਉਹ ਕਿਹੜੇ ਵਾਦਅ ਹਨ ?
8. ਜਿਹੜੇ ਵਾਦ ਲਕੜੀ ਦੀ ਛੜੀ ਨਾਲ ਪ੍ਰਹਾਰ ਕਰਨ ਤੋਂ ਵਜਾਏ ਜਾਂਦੇ ਹਨ ਉਹਨਾਂ ਦੋ ਵਾਦਾਂ ਦਾ ਨਾਮ ਲਿਖੋ ?

**ਅਧਿਆਪਕ ਲਈ —**

1. ਵਿਦਿਆਰਥੀਆਂ ਨੂੰ ਸਿਤਾਰ ਤੇ ਮਿਜ਼ਰਾਬ ਨਾਲ ਪ੍ਰਹਾਰ ਕਰਨਾ ਸਿਖਾਣਾ, ਹਰਮੋਨੀਅਮ ਵਿੱਚ ਹਵਾ ਭਰਨਾ ਸਿਖਾਣਾ ਢੋਲਕੀ ਤਬਲੇ ਤੇ ਹੱਥ ਨਾਲ ਤਾਲ-ਦੇਣਾ ਸਿਖਾਣਾ, ਚਿਮਟਾ ਖੜਤਾਲ ਡਫਲੀ ਵਜਾ ਕੇ ਦਿਖਾਣਾ ਵਿਦਿਆਰਥੀਆਂ ਨੂੰ ਇਨ੍ਹਾਂ ਸਾਜ਼ਾ ਦਾ ਵਜਾਉਣ ਦਾ ਅਭਿਆਸ ਕਰਵਾਉਣਾ।
2. ਚਾਰੋਂ ਕਿਸਮਾਂ ਦੇ ਵਾਦਾਂ ਦੇ ਚਾਰਟਾਂ ਦੇ ਚਿੱਤਰ ਲਗਵਾਏ ਜਾਂ ਬਣਵਾਏ।



Downloaded from https:// www.studiestoday.com

Downloaded from https:// www.studiestoday.com

# ਸ੍ਰੀਮਤੀ ਅਨਪੂਰਣਾ ਦੇਵੀ





Downloaded from https:// www.studiestoday.com

Downloaded from https:// www.studiestoday.com

ਪਾਠ-8

# ਜੀਵਨੀ- ਸ਼੍ਰੀਮਤੀ ਅਨਪੂਰਣਾ ਦੇਵੀ

ਜੀਵਨੀ—

ਸ਼੍ਰੀਮਤੀ ਅੰਨਪੂਰਣਾਂ ਇਕ ਮਹਾਨ ਕਲਾਕਾਰ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਮਹਾਨ ਕਲਾਕਾਰ ਦਾ ਜਨਮ 23 ਅਪ੍ਰੈਲ ਸੰਨ 1927 ਨੂੰ ਚੈਤੀ ਪੂਰਨ ਮਾਸੀ ਨੂੰ ਹੋਇਆ। ਅੰਨਪੂਰਣਾ (ਰੋਸ਼ਨਆਰਾਂ) ਜੀ ਦਾ ਜਨਮ ਮੱਧ ਪ੍ਰਦੇਸ਼ ਦੇ ਮੈਹਰ ਕਸਬੇ ਵਿੱਚ, ਜੋ ਉਸ ਸਮੇਂ ਇਕ ਰਿਆਸਤ ਸੀ, ਉਸਤਾਦ ਅਲਾਉਦੀਨ ਦੇ ਘਰ ਹੋਇਆ। ਆਪ ਦੇ ਪਿਤਾ ਉਸਤਾਦ ਅਲਾਉਦੀਨ ਖਾਂ ਇਕ ਬਹੁਤ ਪ੍ਰਸਿੱਧ ਸੰਗੀਤਕਾਰ ਅਤੇ ਪਦਮ-ਵਿਭੂਸ਼ਣ ਨਾਲ ਸਮਾਨਿਤ ਉਸਤਾਦ ਅਲਾਉਦੀਨ ਖਾਂ ਮੈਹਰ ਰਿਆਸਤ ਦੇ ਦਰਬਾਰੀ ਗਾਇਕ ਸੀ। ਜਦੋਂ ਅੰਨਪੂਰਣਾ ਦਾ ਜਨਮ ਹੋਇਆ ਉਸ ਵੇਲੇ ਪਿਤਾ ਉਦੇਸ਼ੰਕਰ ਦੀ ਪਾਰਟੀ ਨਾਲ ਵਿਦੇਸ਼ ਯਾਤਰਾ ਤੇ ਗਏ ਹੋਏ ਸੀ। ਇਸ ਕਾਰਣ ਪੁੱਤਰੀ ਦਾ ਨਾਂ ਉਥੋਂ ਦੇ ਰਾਜਾ ਬ੍ਰਿਜ ਨਾਥ ਸਿੰਘ ਨੇ ਅੰਨਪੂਰਣਾ ਰਖਿਆ।

ਕਿਹਾ ਜਾਂਦਾ ਹੈ ਕਿ ਅੰਨਪੂਰਣਾਂ ਜੀ ਬਚਪਨ ਤੋਂ ਹੀ ਕਾਫੀ ਪ੍ਰਤਿਭਾਵਾਨ ਸੀ। ਉਨ੍ਹਾਂ ਅੰਦਰ ਬਹੁਤ ਜਿਆਦਾ ਸੰਗੀਤਕ ਪ੍ਰਤਿਭਾ ਭਰੀ ਹੋਈ ਸੀ। ਅੰਨਪੂਰਣਾ ਦੀ ਇਕ ਵੱਡੀ ਭੈਣ ਵੀ ਸੀ। ਪਿਤਾ ਅਲਾਉਦੀਨ ਖਾਂ ਸਾਹਿਬ ਨੇ ਜਹਾਂਆਰਾਂ ਜਿਹੜੀ ਅੰਨਪੂਰਣਾ ਤੋਂ ਨੌਂ ਸਾਲ ਵੱਡੀ ਸੀ, ਸੰਗੀਤ ਸਿਖਿਆ ਦੇਣੀ ਸ਼ੁਰੂ ਕੀਤੀ। ਬਾਅਦ ਵਿੱਚ ਜਹਾਂਆਰਾਂ ਦਾ ਵਿਆਹ ਪੂਰਵੀ-ਪਾਕਿਸਤਾਨ ਦੇ ਇਕ ਬੰਗਾਲੀ ਮੁਸਲਮਾਨ ਨਾਲ ਹੋ ਗਿਆ ਪਰੰਤੂ ਪਤੀ ਦੇ ਖਰਾਬ ਵਿਵਹਾਰ ਨਾਲ ਭੈਣ ਦੀ ਮੌਤ ਹੋ ਗਈ ਅਤੇ ਭੈਣ ਦਾ ਤਾਨਪੂਰਾ ਵੀ ਜਲਾ ਦਿੱਤਾ। ਇਸ ਘਟਨਾ ਤੋਂ ਬਾਅਦ ਪਿਤਾ ਅਲਾਉਦੀਨ ਦੁਖੀ ਰਹਿਣ ਲਗੇ ਅਤੇ ਨਿਸ਼ਚਾ ਕਰ ਲਿਆ ਇਕ ਪੁੱਤਰੀਆਂ ਨੂੰ ਸੰਗੀਤ ਦੀ ਸਿਖਿਆ ਕਦੇ ਵੀ ਨਹੀਂ ਦੇਵਾਂਗਾ। ਇਕ ਦਿਨ ਬਾਬਾ ਅਲਾਉਦੀਨ ਖਾਂ ਸਾਹਿਬ ਆਪਣੇ ਪੁੱਤਰ ਉਸਤਾਦ ਅਲੀ ਅਕਬਰ ਖਾਂ ਨੂੰ ਸੰਗੀਤ ਸਿਖਿਆ ਦੇ ਰਹੇ ਸਨ ਉਸੀ ਵੇਲੇ ਛੋਟੀ ਅੰਨਪੂਰਣਾਂ ਨੇ ਹੂ ਬ ਹੂ ਗਾ ਕੇ ਆਪਣੇ ਪਿਤਾ ਨੂੰ ਹੈਰਾਨ ਕਰ ਦਿੱਤਾ ਅਤੇ ਪਿਤਾ ਛੋਟੀ ਜਿਹੀ ਬੱਚੀ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸੰਗੀਤ ਸਿਖਿਆ ਦੇਣ ਦਾ ਨਿਸ਼ਚਾ ਕਰ ਲਿਆ।

ਅੰਨਪੂਰਣਾਂ ਜੀ ਨੇ ਸਭ ਤੋਂ ਪਹਿਲਾ ਸਿਤਾਰ ਦੀ ਸਿਖਿਆ ਪ੍ਰਾਪਤ ਕੀਤੀ ਉਸ ਤੋਂ ਬਾਅਦ ਧਰੁਪਦ ਗਾਇਨ ਸਿਖਿਆ। ਬਾਅਦ ਵਿੱਚ 'ਸੁਰਬਹਾਰ' ਦੀ ਸਿਖਿਆ ਵੀ ਲਈ। ਅੰਨਪੂਰਣਾ ਜੀ ਦੀ ਲਗਨ ਅਤੇ ਪ੍ਰਤਿਭਾ ਦੇਖ ਪਿਤਾ ਨੇ ਬਹੁਤ ਜਿਆਦਾ ਸਿਖਿਆ ਦਿੱਤੀ ਅਤੇ ਮਿਹਨਤ ਕਰਵਾਈ।

ਸੰਗੀਤ ਸਿਖਿਆ ਦੇ ਦੌਰਾਨ ਉਸ ਸਮੇਂ ਦੇ ਪ੍ਰਸਿੱਧ ਨਰਤਕ ਪੰ. ਉਦੇਸੰਕਰ ਦੇ ਛੋਟੇ ਭਰਾ ਪੰ. ਰਵੀ ਸ਼ੰਕਰ ਜਿਹੜੇ ਇੱਕ ਪ੍ਰਸਿੱਧ ਸਿਤਾਰ ਵਾਦਕ ਸਨ, ਦਾ ਵਿਆਹ ਅੰਨਪੂਰਣਾ ਜੀ ਨਾਲ ਅਲਮੋੜਾ ਵਿੱਚ 15 ਮਈ 1941 ਈ. ਨੂੰ ਹੋ ਗਿਆ। ਵਿਆਹ ਤੋਂ ਬਾਅਦ ਪੰ. ਰਵੀ ਸ਼ੰਕਰ ਜੀ ਅਤੇ ਸ਼੍ਰੀਮਤੀ ਅੰਨਪੂਰਣਾ ਇਕੱਠੇ ਜੁਗਲਬੰਦੀ ਦੇ ਪ੍ਰੋਗ੍ਰਾਮ ਵੀ ਦੇਣ ਲਗੇ। ਇਪਟਾ ਨਾਂ ਦੀ ਸੰਸਥਾ ਦੇ ਲਈ ਭਾਰਤ ਦੀ ਯਾਤਰਾ ਕੀਤੀ ਅਤੇ ਇਸ ਸੰਸਥਾ ਲਈ ਉਹਨਾਂ ਨੇ ਪੰ. ਜਵਾਹਰ ਲਾਲ ਨੇਹਰੂ ਦੀ 'ਡਿਸਕਵਰੀ ਆਫ ਇੰਡਿਆ' ਲਈ Background



Downloaded from https:// www.studiestoday.com

Downloaded from https:// www.studiestoday.com

ਸੰਗੀਤ ਦੇਣ ਦਾ ਕੰਮ ਕੀਤਾ।

ਵਿਆਹ ਦੇ ਇਕ ਸਾਲ ਬਾਅਦ 30 ਮਾਰਚ 1942 ਨੂੰ ਪੁੱਤਰ ਦਾ ਜਨਮ ਹੋਇਆ। ਜਿਸ ਦਾ ਨਾਮ ਸ਼ੁਭੇਂਦੂ ਸ਼ੰਕਰ ਨਾਂ ਰੱਖਿਆ। ਅੰਨਪੂਰਣਾ ਜੀ ਆਪਣੇ ਪਰਿਵਾਰ ਨਾਲ ਮੁੰਬਈ ਆ ਕੇ ਰਹਿਣ ਲਗੇ। ਇਥੇ ਆ ਕੇ ਦੋਹਾ ਪਤੀ-ਪਤਨੀ ਨੇ ਅਨੇਕਾ ਸ਼ਹਿਰਾਂ ਵਿਚ ਸਿਤਾਰ ਅਤੇ ਸੁਰਬਹਾਰ ਦੇ ਜੁਗਲਬੰਦੀ ਦੇ ਪ੍ਰੋਗ੍ਰਾਮ ਪੇਸ਼ ਕੀਤੇ।

ਅੰਨਪੂਰਣਾ ਜੀ ਨੇ ਮੁੰਬਈ ਵਿੱਚ ਰਹਿ ਕੇ ਆਪਣੇ ਪਿਤਾ ਦੇ ਨਾਂ ਤੇ ਸਨ 1975 ਨੂੰ ਇੱਕ 'ਆਚਾਰਿਆ ਅਲਾਉਦੀਨ ਖਾਂ ਮਿਉਜ਼ਿਕ ਸਰਕਲ' ਦੀ ਸਥਾਪਨਾ ਕੀਤੀ।

ਅੱਜਕੱਲ੍ਹ ਸ੍ਰੀਮਤੀ ਅੰਨਪੂਰਣਾ ਜੀ ਆਪਣੇ ਵਾਦਨ ਦਾ ਪ੍ਰਦਰਸ਼ਨ ਆਮ ਲੋਕਾਂ ਲਈ ਨਹੀਂ ਕਰਦੇ ਅਤੇ ਨਾਂ ਹੀ ਕੋਈ ਪ੍ਰੋਗ੍ਰਾਮ ਕਰਦੇ ਹਨ। ਸਿਰਫ ਰੱਬ ਦੀ ਉਸਤਤ ਲਈ ਜਾਂ ਆਤਮ ਆਨੰਦ ਲਈ ਕਰਦੇ ਹਨ।

ਅੰਨਪੂਰਣਾ ਜੀ ਵਿੱਚ ਸੰਗੀਤ ਪ੍ਰਤਿਭਾ ਕੁੱਟ-ਕੁੱਟ ਕੇ ਭਰੀ ਹੋਈ ਹੈ। ਸੰਗੀਤ ਸਿੱਖਿਆ ਅਤੇ ਗਿਆਨ ਬਾਰੇ ਉਨ੍ਹਾਂ ਦੇ ਪਿਤਾ ਜੀ ਨੇ ਖੁਦ ਕਿਹਾ ਸੀ ਕਿ, "ਅੰਨਪੂਰਣਾ ਦੇ ਸਾਹਮਣੇ ਅਲੀ ਅਕਬਰ ਅਤੇ ਰਵੀ ਸ਼ੰਕਰ ਢੋਰਨੇ ਦੇ ਸਮਾਨ ਹਨ।" ਬਾਬਾ ਅਲਾਉਦੀਨ ਖਾਂ ਕਹਿੰਦੇ ਸੀ ਕਿ ਅੰਨਪੂਰਣਾ ਦਾ ਵਾਦਨ ਉੱਚਕੋਟੀ ਦਾ ਹੈ। ਖੁਦ ਰਵਿਸ਼ੰਕਰ ਜੀ ਨੇ ਵੀ ਅੰਨਪੂਰਣਾ ਦੀ ਤਰੀਫਬਾ ਆਪਣੀ ਪੁਸਤਕ ਰਾਗ-ਅਨੁਰਾਗ ਵਿੱਚ ਲਿਖਿਆ ਹੈ ਕਿ ਜੇਕਰ ਕਿਸੀ ਨੇ ਭਾਰਤ ਵਿੱਚ ਸ਼ਾਸਤਰੀ ਪੱਦਤੀ ਦੇ ਅਨੁਸਾਰ ਸੁਰਬਹਾਰ ਵਜਾਇਆ ਹੈ ਤਾਂ ਉਹ ਸਿਰਫ਼ ਇਕੱਲੀ ਅੰਨਪੂਰਣਾ ਹੀ ਹੈ। ਰਾਗ ਦੀ ਸ਼ੁੱਧਤਾ, ਧਰੁਪਦ ਅੰਗ ਦਾ ਅਲਾਪ ਅਤੇ ਜੋੜ ਜਿਵੇਂ - ਦਿਲ ਨੂੰ ਛੂ ਲੈਣ ਵਾਲੇ ਹੁੰਦੇ ਹਨ, ਇਸ ਤਰ੍ਹਾਂ ਦਾ ਵਾਦਨ ਸਿਰਫ, ਮਾਤਰ ਉਹ ਹੀ ਕਰਦੀ ਹੈ। ਕੁਝ ਲੋਕਾਂ ਦੇ ਖੂਨ ਵਿੱਚ ਸੰਗੀਤ ਹੁੰਦਾ ਹੈ। ਜਿਸ ਤਰ੍ਹਾਂ ਪਿਤਾ ਨੇ ਸਿੱਖਿਆ ਦਿੱਤੀ, ਬਿਨਾਂ ਗਲਤੀ ਕੀਤੇ ਅਜਿਹਾ ਉਹ ਵਜਾਉਂਦੀ ਹੈ।"

ਕੁਝ ਕਾਰਣਾਂ ਕਰਕੇ ਅੰਨਪੂਰਣਾ ਜੀ ਦਾ ਰਵੀਸ਼ੰਕਰ ਤੋਂ 1980 ਈ. ਵਿੱਚ ਤਲਾਕ ਹੋ ਗਿਆ। ਅੰਨਪੂਰਣਾ ਨੇ 9 ਦਿਸੰਬਰ 1982 ਈ. ਨੂੰ ਦੂਜਾ ਵਿਆਹ ਸ੍ਰੀ ਰੁਸ਼ੀ ਕੁਮਾਰ ਪਾਂਡੀਆ ਨਾਲ ਕਰ ਲਿਆ।

ਅੱਜਕੱਲ੍ਹ ਸ੍ਰੀਮਤੀ ਅੰਨਪੂਰਣਾ ਜੀ ਮੁੰਬਈ ਵਿੱਚ ਰਹਿ ਰਹੀ ਹੈ ਅਤੇ ਸੰਗੀਤ ਦੀ ਸਿੱਖਿਆ ਦੇ ਰਹੀ ਹੈ ਇਹ ਨਾਂ ਦੇ ਮੁੱਖ ਸ਼ਿਸ਼ ਹਨ ਸਵਰਗੀ ਨਿਖਿਲ ਬੈਨਰਜੀ (ਸਿਤਾਰ) ਪੰ. ਇੰਦਰਨੀਲ ਭੱਟਾਚਾਰਿਆ (ਸਿਤਾਰ) ਉਸਤਾਦ ਆਸ਼ੀਸ਼ ਖਾਂ ਸਾਹਿਬ (ਸਰੋਦ) ਪੰ. ਹਰੀ ਪ੍ਰਸ਼ਾਦ ਚੋਰੱਸਿਆ (ਬੰਸਰੀ ਅੰਨਪੂਰਣਾ ਜੀ ਦੇ ਪੁੱਤਰ ਸ਼ੁਭੇਂਦੁ ਸ਼ੰਕਰ ਆਦਿ।

ਅੰਨਪੂਰਣਾ ਜੀ ਦੇ ਪਿਤਾ ਉਸਤਾਦ ਅਲਾਉਦੀਨ ਖਾਂ ਸਾਹਿਬ ਮੈਹਰ ਘਰਾਣੇ ਦੇ ਮੁਖੀ ਅਤੇ ਮੈਹਰ ਸਕੂਲ ਦੇ ਸੰਸਥਾਪਕ ਸੀ। ਇਹਨਾਂ ਦੇ ਮਾਮਾ ਫਕੀਰ ਅਫਤਾਬੁਦੀਨ ਅਤੇ ਅਲੀ ਖਾਂ ਵੀ ਇੱਕ ਪ੍ਰਸਿੱਧ ਸੰਗੀਤਕਾਰ ਸਨ। ਇਹਨਾਂ ਦੇ ਭਰਾ ਅਲੀ ਅਕਬਰ ਇੱਕ ਮਹਾਨ ਸਰੋਦ ਵਾਦਕ ਸਨ।

ਅੰਨਪੂਰਣਾ ਜੀ ਨੂੰ ਆਪਣੇ ਸੰਗੀਤ ਦੇ ਖੇਤਰ ਵਿੱਚ ਮਿਹਨਤ ਅਤੇ ਕੰਮ ਸਦਕਾ 1977 ਈ. ਵਿੱਚ ਪਦਮ ਭੂਸ਼ਣ ਨਾਲ ਸਮਾਨਿਤ ਕੀਤਾ। ਸਭ ਤੋਂ ਵੱਡਾ ਸਨਮਾਨ ਸੰਗੀਤ ਲਈ 'ਸੰਗੀਤ ਨਾਟਕ ਅਕੈਡਮੀ 1991 ਵਿੱਚ ਮਿਲਿਆ। ਰਵਿੰਦਰ ਨਾਥ ਟੈਗੋਰ ਜੀ ਦੀ ਵਿਸ਼ਵ ਭਾਰਤੀ ਯੂਨੀਵਰਸਿਟੀ ਵੱਲੋਂ 1999 ਨੂੰ, ਦੇਸੀ ਕੁੱਟਮ ਤੋਂ ਡੀ. ਲਿਟ ਦੀ ਉਪਾਧੀ ਸਨ। 1988 ਵਿੱਚ ਸੁਰ ਸ਼ਿੰਗਾਰ ਸੰਸਦ ਵੱਲੋਂ ਸ਼ਾਰੰਗਦੇਵ ਫੈਲੋਸ਼ਿਪ ਸੰਗੀਤ ਨਾਟਕ ਅਕੈਡਮੀ ਫੇਲੋ ਲਾਇਫ ਟਾਇਮ ਸੰਮਾਨ। 2004 ਵਿੱਚ ਭਾਰਤ ਸਰਕਾਰ ਨੇ 'ਰਤਨ' (Jewel) ਦੀ ਉਪਾਧੀ



Downloaded from https:// www.studiestoday.com

Downloaded from https:// www.studiestoday.com

ਨਾਲ ਸਨਮਾਨਿਆ।

ਇਸ ਤਰ੍ਹਾਂ ਸ੍ਰੀ ਮਤੀ ਅੰਨਪੂਰਣਾ ਦਾ ਸਾਰਾ ਜੀਵਨ ਸੰਗੀਤ ਨੂੰ ਹੀ ਸਮਰਪਿਤ ਰਿਹਾ।ਅੱਜ ਕੱਲ ਸ੍ਰੀ ਮਤੀ ਅਨਪੂਰਣਾ ਆਮ ਜਨਤਾ ਦੇ ਲਈ ਸੰਗੀਤ ਦਾ ਪ੍ਰਦਰਸ਼ਨ ਨਹੀਂ ਕਰਦੀ ਅਤੇ ਨਾ ਹੀ ਕੋਈ ਪ੍ਰੋਗਰਾਮ ਪੇਸ਼ ਕਰਦੀ ਹੈ ਸਿਰਫ ਭਗਵਾਨ ਦੀ ਉਸਤਦੀ ਦੇ ਲਈ ਯਾ ਆਤਮ ਅਨੰਦ ਦੇ ਲਈ ਵਜਾਉਂਦੀ ਹੈ।

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਅੰਨਪੂਰਣਾਂ ਦੇਵੀ ਦਾ ਜਨਮ ਕਦੋਂ ਤੇ ਕਿਥੇ ਹੋਇਆ ?
2. ਅੰਨਪੂਰਣਾਂ ਦੇਵੀ ਦੇ ਪਿਤਾ ਦਾ ਨਾਂ ਕੀ ਹੈ ?
3. ਕਿਸ ਰਾਜੇ ਨੇ ਇਨ੍ਹਾਂ ਦਾ ਨਾਂ ਅੰਨਪੂਰਣਾਂ ਰਖਿਆ ?
4. ਅੰਨਪੂਰਣਾਂ ਜੀ ਨੇ ਕਿਸ ਦੀ ਸਿਖਿਆ ਪ੍ਰਾਪਤ ਕੀਤੀ ?
5. ਅੰਨਪੂਰਣਾ ਦਾ ਵਿਆਹ ਕਿਸ ਪ੍ਰਸਿੱਧ ਸਿਤਾਰ ਵਾਦਕ ਨਾਲ ਹੋਇਆ ਸੀ ?
6. ਇਨ੍ਹਾਂ ਦੇ ਭਰਾ ਦਾ ਕੀ ਨਾਂ ਹੈ ?
7. ਅੰਨਪੂਰਣਾਂ ਦੇਵੀ ਦੇ ਕਿਸੇ ਇਕ ਸ਼ਿਸ਼ ਦਾ ਨਾਂ ਦਸੋ ?
8. ਸੰਨ 1977 ਵਿੱਚ ਅੰਨਪੂਰਣਾ ਨੂੰ ਕਿਸ ਨਾਲ ਸਨਮਾਨਿਤ ਕੀਤੀ ਗਿਆ ਹੈ ?

**ਅਧਿਆਪਕ ਲਈ —**

1. ਵਿਦਿਆਰਥੀਆਂ ਤੋਂ ਸ੍ਰੀਮਤੀ ਅੰਨਪੂਰਣਾਂ ਦੇਵੀ ਦਾ ਚਿੱਤਰ ਲਗਵਾਕੇ ਉਨ੍ਹਾਂ ਦੀ ਜੀਵਨੀ ਬਾਰੇ ਦਸਿਆ ਜਾਵੇ।
2. ਸ੍ਰੀਮਤੀ ਅੰਨਪੂਰਣਾਂ ਤੋਂ ਇਨਾਵਾਂ ਹੋਰ ਪ੍ਰਸਿੱਧ ਸਿਤਾਰ ਵਾਦਕਾਂ ਦਾ ਸੰਗੀਤ ਪ੍ਰਤੀ ਯੋਗਦਾਨ ਬਾਰੇ ਵਿਦਿਰਤੀਆਂ ਨੂੰ ਦੱਸਿਆ ਜਾਵੇ।



Downloaded from https:// www.studiestoday.com

Downloaded from https:// www.studiestoday.com

## ਪਾਠ - 9

# ਰਾਗ- ਰਾਗ ਦੇ ਨਿਯਮ, ਜਾਤੀਆਂ, ਉਪਜਾਤੀਆਂ

### ਰਾਗ

ਰਾਗ ਭਾਰਤੀ ਸੰਗੀਤ ਦਾ ਇੱਕ ਮਹੱਤਵਪੂਰਣ ਪਰਿਭਾਸ਼ਿਕ ਸ਼ਬਦ ਹੈ। ਰਾਗਾਂ ਰਾਹੀਂ ਹੀ ਭਾਰਤੀ ਸੰਗੀਤ ਦਾ ਅਸਲੀ ਰੂਪ ਦਰਸਾਇਆ ਜਾ ਸਕਦਾ ਹੈ। ਇਸੇ ਲਈ ਸੰਪੂਰਣ ਭਾਰਤੀ ਸੰਗੀਤ ਰਾਗਾਂ ਤੇ ਹੀ ਅਧਾਰਿਤ ਹੈ।

ਰਾਗ ਮੂਲਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਦੀ ਉਤਪੱਤੀ 'ਰੰਜ' ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਹੈ ਰੰਜਕਤਾ, ਪ੍ਰਸੰਨਤਾ, ਜੋ ਮਨ ਨੂੰ ਆਨੰਦ ਅਤੇ ਪ੍ਰਸੰਨਤਾ ਪ੍ਰਦਾਨ ਕਰੇ। ਰਾਗ ਸ਼ਬਦ ਦੀ ਪਰਿਭਾਸ਼ਾ ਕੁਝ ਸੰਗੀਤਕਾਰਾਂ ਦੇ ਗ੍ਰੰਥਾਂ ਵਿੱਚ ਇਸ ਪ੍ਰਕਾਰ ਮਿਲਦੀ ਹੈ—

ਰਾਗ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਸਤਵੀਂ ਸਦੀ ਵਿੱਚ ਮਤੰਗਮੁਨੀ ਦੇ ਗ੍ਰੰਥ ਬ੍ਰਿਹਦੇਸ਼ੀ ਵਿੱਚ ਮਿਲਦਾ ਹੈ। ਮੰਤਗਮੁਨੀ ਦੇ ਸ਼ਬਦਾਂ ਵਿੱਚ, "ਸ਼ੜ੍ਹਜ ਇਤਯਾਦੀ ਸਵਰਾਂ ਅਤੇ ਸਥਾਈ ਆਦਿ ਵਰਣਾਂ ਨਾਲ ਵਿਭੂਸ਼ਿਤ ਅਜਿਹੀ ਧਵਨੀ ਦੀ ਰਚਨਾ ਜਿਸ ਤੋਂ ਮਨੁੱਖ ਦੇ ਮਨ ਦਾ ਰੰਜਨ ਹੁੰਦਾ ਹੈ, ਰਾਗ ਹੈ।"

ਭਰਤ ਮੁਨੀ ਜੀ ਨੇ ਲਿਖਿਆ ਹੈ – "ਜਿਸ ਦੇ ਰਾਹੀਂ ਤਿੰਨਾਂ ਲੋਕਾਂ ਵਿੱਚ ਵਿਰਾਜਮਾਨ ਪ੍ਰਾਣੀਆਂ ਦੇ ਦਿਲਾਂ ਦਾ ਰੰਜਨ ਹੁੰਦਾ ਹੈ ਉਸ ਨੂੰ ਰਾਗ ਕਹਿੰਦੇ ਹਨ।" ਪੰਡਿਤ ਅਹੋਬਲ ਨੇ ਸੰਗੀਤਪਾਰਿਜਾਤ ਵਿੱਚ ਕਿਹਾ ਹੈ ਕਿ, "ਰੰਜਕ ਸਵਰ ਸੰਦਰ੍ਭੀ ਰਾਗ ਇਤਆਭਿਧਿਯਤੇ," ਅਰਥਾ, ਸਵਰਾ ਦਾ ਇੱਕ ਸੁਗਠਿਤ ਸਮੂਹ ਰਾਗ ਕਹਿਲਾਉਂਦਾ ਹੈ। ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਰਾਹੀਂ ਲਿਖਿਤ "ਲਕਸ਼-ਸੰਗੀਤ ਵਿੱਚ ਲਿਖਿਆ ਹੈ, "ਧਵਨੀ ਦੀ ਉਹ ਵਿਸ਼ੇਸ਼ ਰਚਨਾ ਜਿਸ ਨੂੰ ਸਵਰਾ ਅਤੇ ਵਰਣਾਂ ਨਾਲ ਵਿਭੂਸ਼ਿਤ (ਸਜਾਇਆ) ਦਿੱਤਾ ਹੋਵੇ, ਸੁਨਣ ਵਾਲਿਆਂ ਦਾ ਚਿੱਤ ਮੋਹ ਲਵੇ, ਰਾਗ ਕਹਿਲਾਉਂਦਾ ਹੈ।" ਭਾਤਖੰਡੇ ਜੀ ਰਾਹੀਂ ਰਚਿਤ "ਅਭਿਨਵ ਰਾਗ ਮੰਜਰੀ" ਗ੍ਰੰਥ ਵਿੱਚ ਵੀ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, "ਧਵਨੀ ਦੀ ਉਹ ਵਿਸ਼ੇਸ਼ ਰਚਨਾ ਜਿਸ ਵਿੱਚ ਸਵਰ ਅਤੇ ਵਰਣਾਂ ਦੇ ਕਾਰਣ ਸੁੰਦਰਤਾ ਹੋਵੇ, ਜੋ ਮਨੁੱਖ ਦੇ ਚਿੱਤ ਦਾ ਰੰਜਨ ਕਰੇ ਅਰਥਾਤ ਜੋ ਸਰੋਤਿਆਂ ਦੇ ਮਨ ਪ੍ਰਸੰਨ ਕਰੇ, ਉਸ ਨੂੰ ਸਿਆਣੇ (ਬੁੱਧੀਮਾਨ) ਲੋਕ ਰਾਗ ਕਹਿੰਦੇ ਹਨ।" ਏ. ਜੀ. ਕਾਹਰੇ (ਕਾਨਹਰੇ) ਨੇ ਸੰਗੀਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ।

"ਸੰਗੀਤ ਦੀ ਭਾਸ਼ਾ ਵਿੱਚ ਸਵਰਾਂ ਦਾ ਅਜਿਹਾ ਸੰਯੋਜਨ ਜਿਹੜਾ ਮਸਤਿਸ਼ਕ (ਦਿਮਾਗ) ਵਿੱਚ ਕਿਸੇ ਭਾਵ ਨੂੰ ਪੈਦਾ ਕਰੇ, ਰਾਗ ਹੈ।"

ਫਿਲਿਪ ਸਟਰਨ ਦੇ ਸ਼ਬਦਾਂ ਵਿੱਚ, "ਇੱਕ ਵਾਤਾਵਰਣ ਜਿਹੜਾ ਸੰਗੀਤ ਰਾਹੀਂ ਰੰਗਿਆ ਜਾਂਦਾ ਹੈ, ਰਾਗ



Downloaded from https:// www.studiestoday.com

Downloaded from https:// www.studiestoday.com

ਕਿਹਾ ਜਾਂਦਾ ਹੈ।"

ਸੰਸਕ੍ਰਿਤ ਵਿੱਚ ਕਿਹਾ ਹੈ, "ਰੰਜਯਤੇ ਇਤੀਰਾਗ" ਅਰਥਾਤ "ਮਨ ਨੂੰ ਰੰਜਨ ਕਰਨ ਵਾਲਾ ਕੰਨਾਂ ਨੂੰ ਆਨੰਦ ਦੇਣ ਵਾਲਾ ਅਜਿਹਾ ਸਵਰ-ਸਮੂਹ ਜੋ ਇੱਕ ਸਪਸ਼ਟ ਰਾਗ ਨੂੰ ਪ੍ਰਕਟ ਕਰੇ, ਉਸਨੂੰ ਰਾਗ ਕਹਿੰਦੇ ਹਨ ਆਧੁਨਿਕ ਸਮੇਂ ਦੇ ਵਿਦਵਾਨ ਲੇਖਕ ਪੰਡਿਤ ਓਂਕਾਰ ਨਾਥ ਠਾਕੁਰ ਨੇ ਵੀ ਰਾਗ ਦਾ ਮੁਖ ਗੁਣ ਰੰਜਕਤਾ ਦੱਸਦੇ ਹੋਏ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, "ਰਾਗਸ਼ਬਦ ਦਾ ਅਰਥ ਹੈ ਅਜਿਹਾ ਸਵਰ-ਸਮੂਹ ਜਿਹੜਾ ਰੰਜਕ ਹੋਵੇ ਭਾਵ ਸੁੱਖ ਦਾ ਆਨੰਦ ਦੇਣ ਵਾਲਾ ਹੋਵੇ।"

ਇਸ ਤਰ੍ਹਾਂ ਪ੍ਰਾਚੀਨ ਅਤੇ ਆਧੁਨਿਕ ਗ੍ਰੰਥਕਾਰਾਂ ਦਾ ਇੱਕ ਹੀ ਮਤ ਹੈ "ਧਵਨੀ ਦੀ ਉਹ ਵਿਸ਼ੇਸ਼ ਰਚਨਾ ਜਿਸ ਵਿੱਚ ਸਵਰਾਂ ਅਤੇ ਵਰਣਾਂ ਨਾਲ ਵਿਭੂਸ਼ਿਤ (ਸਜਾਇਆ) ਹੋਵੇ, ਸੁਣਨ ਵਾਲੇ ਦਾ ਮਨ ਮੋਹ ਲਵੇ, ਰਾਗ ਕਹਿਲਾਉਂਦੀ ਹੈ।"

ਅੱਜ ਕੱਲ੍ਹ ਲਗਪਗ 150-200 ਰਾਗ ਗਾਏ-ਵਜਾਏ ਜਾਂਦੇ ਹਨ।

ਰਾਗ ਵਿੱਚ ਰੰਜਕਤਾ ਹੋਣ ਨਾਲ ਰਾਗ ਨਹੀਂ ਬਣਦਾ ਰਾਗ ਵਿੱਚ ਕੁੱਝ ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ। ਲੋਕਗੀਤ ਜਾਂ ਬਾਕੀ ਧੁਨਾਂ ਵੀ ਰੰਜਕ ਹੁੰਦੀਆਂ ਹਨ।ਪਰ ਉਹਨਾਂ ਨੂੰ ਰਾਗ ਨਹੀਂ ਕਿਹਾ ਜਾ ਸਕਦਾ।ਰਾਗ ਇੱਕ ਸ਼ਾਸਤਰੀ ਰਚਨਾ ਹੈ ਜਿਸ ਵਿੱਚ ਰੰਜਕਤਾ ਦੇ ਨਾਲ-ਨਾਲ ਕੁਝ ਨਿਯਮਾਂ ਦਾ ਵੀ ਬੰਧਨ ਰਹਿੰਦਾ ਹੈ।

**ਰਾਗ ਦੇ ਨਿਯਮ —**

(1) ਹਰੇਕ ਰਾਗ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ।

(2) ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਦਾ ਮੰਨੀਆ ਗਿਆ ਹੈ।

(3) ਕਿਸੀ ਵੀ ਰਾਗ ਵਿੱਚ ਸ਼ੜ੍ਹਜ (ਸ) ਸਵਰ ਵਰਜਿਤ ਨਹੀਂ ਹੋਣਾ ਚਾਹੀਦਾ ਕਿਉਂਕਿ 'ਸ' ਸਵਰ ਨੂੰ ਭਾਰਤੀ ਸੰਗੀਤ ਦਾ ਆਧਾਰ ਸਵਰ (Keynote) ਮੰਨਿਆ ਜਾਂਦਾ ਹੈ।

(4) ਰਾਗ ਵਿੱਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸਤ ਸਵਰ ਹੋਣੇ ਚਾਹੀਦੇ ਹਨ।ਪੰਜ ਸਵਰਾਂ ਤੋਂ ਘੱਟ ਦਾ ਰਾਗ ਨਹੀਂ ਹੁੰਦਾ।

(5) ਹਰੇਕ ਰਾਗ ਵਿੱਚ ਮੱਧਮ 'ਮ' ਅਤੇ ਪੰਚਮ 'ਪ' ਇਹ ਦੋਵੇਂ ਸਵਰ ਇਕੱਠੇ ਵਰਜਿਤ ਨਹੀਂ ਹੋ ਸਕਦੇ। ਜੇਕਰ ਕਿਸੇ ਰਾਗ ਵਿੱਚ ਧ ਦੇ ਨਾਲ ਸ਼ੁੱਧ 'ਮ' ਵੀ ਵਰਜਿਤ ਹੈ ਤਾਂ ਤੀਵਰ ਮੇ (ਮਧਯਮ) ਦਾ ਪ੍ਰਯੋਗ ਹੋਵੇਗਾ। ਅਰਥਾਤ ਦੋਹਾਂ ਵਿੱਚੋਂ ਇੱਕ ਸਵਰ ਦਾ ਹੋਣਾ ਜ਼ਰੂਰੀ ਹੈ।

(6) ਰਾਗ ਵਿੱਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਹੈ। ਸਿਰਫ ਆਰੋਹ ਤੋਂ ਰਾਗ ਦਾ ਸਵਰੂਪ ਸਪੱਸ਼ਟ ਨਹੀਂ ਹੋ ਸਕਦਾ।



Downloaded from https:// www.studiestoday.com

Downloaded from https:// www.studiestoday.com

(7) ਰਾਗ ਵਿੱਚ ਵਾਦੀ ਸੰਵਾਦੀ ਸਵਰਾਂ ਦਾ ਹੋਣਾ ਜ਼ਰੂਰੀ ਹੈ। ਵਾਦੀ ਸੰਵਾਦੀ ਸਵਰਾਂ ਦਾ ਰਾਗ ਵਿੱਚ ਖਾਸ ਮਹੱਤਵ ਹੈ। ਇਹਨਾਂ ਸਵਰਾਂ ਦੀ ਪ੍ਰਧਾਨਤਾ ਤੇ ਰਾਗ ਦੀ ਸੁੰਦਰਤਾ ਨਿਰਭਰ ਹੈ।

(8) ਰਾਗ ਵਿੱਚ ਕਿਸੇ ਵੀ ਸਵਰਾਂ ਦਾ ਦੋਵੇਂ ਰੂਪ ਇਕੱਠੇ ਪ੍ਰਯੋਗ ਨਹੀਂ ਕਰਨਾ ਚਾਹੀਦਾ। ਜਿਵੇਂ ਕੋਮਲ 'ਰੇ' ਅਤੇ ਸ਼ੁੱਧ 'ਰੇ' ਜਾਂ ਕੋਮਲ ਗ ਅਤੇ ਸ਼ੁੱਧ ਗ ਦੋਵੇਂ ਕਿਸੀ ਵੀ ਰਾਗ ਵਿੱਚ ਇਕੱਠੇ ਨਹੀਂ ਆਉਣੇ ਚਾਹੀਦੇ ਹਨ। ਪਰ ਇਹ ਸੰਭਵ ਹੈ ਕਿ ਆਰੋਹ ਵਿੱਚ ਸ਼ੁੱਧ ਸਵਰ ਪ੍ਰਯੋਗ ਹੋਵੇ ਅਤੇ ਅਵਰੋਹ ਵਿੱਚ ਕੋਮਲ ਲਗ ਸਕਦਾ ਹੈ ਜਿਵੇਂ ਰਾਗ ਖਮਾਜ ਵਿੱਚ ਆਰੋਹ 'ਚ ਸ਼ੁਧ ਨੀ ਅਤੇ ਅਵਰੋਹ ਵਿੱਚ ਕੋਮਲ ਨੀ ਪ੍ਰਯੋਗ ਕੀਤਾ ਜਾਂਦਾ ਹੈ।

(9) ਹਰੇਕ ਰਾਗ ਵਿੱਚ ਪਕੜ, ਸਮਾਂ ਆਦਿ ਦਾ ਹੋਣਾ ਜ਼ਰੂਰੀ ਹੈ।

## ਰਾਗ ਦੀਆਂ ਜਾਤੀਆਂ

ਜਦੋਂ ਕੋਈ ਰਾਗ ਤਿਆਰ ਕੀਤਾ ਜਾਂਦਾ ਹੈ, ਜਿੰਨ੍ਹੇ ਸਵਰ ਉਸ ਥਾਟ ਵਿੱਚ ਲਏ ਜਾਂਦੇ ਹਨ। ਉਸੇ ਦੇ ਆਧਾਰ ਤੇ ਉਸ ਦੀ ਜਾਤੀ ਨਿਸ਼ਚਿਤ ਹੁੰਦੀ ਹੈ। ਜਾਤੀ ਤੋਂ ਰਾਗ ਵਿੱਚ ਲੱਗਣ ਵਾਲੇ ਸਵਰਾਂ ਦੀ ਗਿਣਤੀ ਦਾ ਪਤਾ ਚੱਲਦਾ ਹੈ। ਜਿਸ ਰਾਗ ਵਿੱਚ ਜਿੰਨ੍ਹੇ ਸਵਰ ਲਗ ਰਹੇ ਹਨ। ਉਸ਼ਦੇ ਅਨੁਸਾਰ ਹੀ ਉਸਦੀ ਜਾਤੀ ਨਿਸ਼ਚਿਤ ਹੁੰਦੀ ਹੈ। ਰਾਗ ਦੇ ਨਿਯਮ ਅਨੁਸਾਰ ਰਾਗ ਵਿੱਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸਤ ਸਵਰ ਹੁੰਦੇ ਹਨ। ਇਸ ਤਰ੍ਹਾਂ ਪੰਜ ਛੇ ਅਤੇ ਸਤ ਸਵਰਾਂ ਦੇ ਅਨੁਸਾਰ ਰਾਗਾਂ ਦੀਆਂ ਮੁੱਖ ਤਿਨ ਜਾਤੀਆਂ ਮੰਨੀਆਂ ਗਈਆਂ ਹਨ। ਸੰਪੂਰਣ ਜਾਤੀ, ਸ਼ਾੜਵ ਜਾਤੀ ਅਤੇ ਔੜਵਜਾਤੀ ............

1. **ਸੰਪੂਰਣ ਜਾਤੀ** — ਜਿਸ ਰਾਗ ਵਿੱਚ ਪੂਰੇ ਸਤ ਸੰਵਰਾਂ ਦਾ ਪ੍ਰਯੋਗ ਕੀਤਾ ਜਾਵੇ ਉਸ ਨੂੰ ਸੰਪੂਰਣ ਜਾਤੀ ਦਾ ਰਾਗ ਕਿਹਾ ਜਾਂਦਾ ਹੈ। ਜਿਵੇਂ-ਸ ਰੇ ਗ ਮ ਪ ਧ ਨੀ।

2. **ਸ਼ਾਂੜਵ-ਜਾਤੀ** — ਜਿਸ ਰਾਗ ਵਿੱਚ ਸਿਫ਼ ਛੇ ਸਵਰ ਲੱਗਣ ਉਸ ਨੂੰ ਸ਼ਾੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ। ਜਿਵੇਂ ਸ ਗ ਮ ਪ ਧ ਨੀ।

3. **ਔੜਵਜਾਤੀ** — ਜਿਸ ਰਾਗ ਵਿੱਚ ਪੰਜ ਸਵਰ ਲੱਗਣ ਉਸ ਨੂੰ ਔੜਵ ਜਾਤੀ ਕਿਹਾ ਜਾਂਦਾ ਹੈ। ਜਿਵੇਂ ਸ ਗ ਮ ਧ ਨੀ।

## ਉਪ ਜਾਤੀਆਂ

ਰਾਗਾਂ ਨੂੰ ਦੇਖਣ ਤੋਂ ਪਤਾ ਚੱਲਦਾ ਹੈ ਕਿ ਕਈ ਰਾਗ ਅਜਿਹੇ ਹਨ। ਜਿਨ੍ਹਾਂ ਦੇ ਆਰੋਹ, ਅਵਰੋਹ ਵਿੱਚ ਸਵਰਾਂ ਦੀ ਭਿੰਨਤਾ ਹੁੰਦੀ ਹੈ। ਅਰਥਾਤ ਕਿਸੀ ਰਾਗ ਦੇ ਆਰੋਹ ਵਿੱਚ ਸਤ ਸਵਰ ਲੱਗਦੇ ਹਨ ਤੇ ਉਸ ਦੇ ਅਵਰੋਹ ਵਿੱਚ ਛੇ ਜਾਂ ਪੰਜ ਸਵਰ ਹੋ ਸਕਦੇ ਹਨ। ਇਸੇ ਲਈ ਸਾਰੇ ਰਾਗਾਂ ਦੀ ਪਹਿਚਾਨ ਲਈ ਇਹਨਾਂ ਉਪਰ ਲਿਖਿਆਂ ਤਿਨ ਜਾਤੀਆਂ ਵਿੱਚੋਂ ਹਰੇਕ ਦੀਆਂ ਤਿੰਨ-ਤਿੰਨ ਉਪਜਾਤੀਆਂ ਹੋਰ ਬਣਾ ਦਿੱਤੀਆਂ ਗਈਆਂ।



Downloaded from https:// www.studiestoday.com

Downloaded from https:// www.studiestoday.com

ਇਸ ਤਰ੍ਹਾਂ 3 × 3 = 9 ਹੋਰ ਉਪਜਾਤੀਆਂ ਵਿੱਚ ਵੰਡ ਦਿੱਤਾ ਗਈਆਂ।

## ਸੰਪੂਰਣ ਜਾਤੀ

1. ਸੰਪੂਰਣ-ਸੰਪੂਰਣ 2. ਸੰਪੂਰਣ ਸਾੜਵ 3. ਸੰਪੂਰਣ-ਔੜਵ।

1. **ਸੰਪੂਰਣ-ਸੰਪੂਰਣ ਜਾਤੀ—** ਜਿਸ ਰਾਗ ਦੇ ਆਰੋਹ ਅਤੇ ਅਵਰੋਹ ਦੋਹਾਂ ਵਿੱਚ ਸਤ-ਸਤ ਸਵਰਾਂ ਦਾ ਪ੍ਰਯੋਗ ਹੋਵੇ, ਉਸਨੂੰ ਸੰਪੂਰਣ-ਸੰਪੂਰਣ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

2. **ਸੰਪੂਰਣ-ਸਾੜਵ ਜਾਤੀ —** ਜਿਸ ਰਾਗ ਦੇ ਆਰੋਹ ਵਿੱਚ ਸੱਤ ਸਵਰ ਅਤੇ ਅਵਰੋਹ ਵਿੱਚ ਛੇ ਸਵਰ ਲੱਗਣ ਉਸ ਨੂੰ ਸੰਪੂਰਣ ਸ਼ਾਜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

3. **ਸੰਪੂਰਣ-ਔੜਵ ਜਾਤੀ—** ਜਿਸ ਰਾਗ ਦੇ ਆਰੋਹ ਵਿੱਚ ਸੱਤ ਸਵਰ ਅਤੇ ਅਵਰੋਹ ਵਿੱਚ ਪੰਜ ਸਵਰ ਲੱਗਣ ।ਉਸਨੂੰ ਸੰਪੂਰਣ-ਔੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

## ਸਾੜਵ ਜਾਤੀ

(ੳ) ਸਾੜਵ ਸੰਪੂਰਣ (ਅ) ਸ਼ਾੜਵ-ਸ਼ਾੜਵ (ੲ) ਸ਼ਾੜਵ-ਔੜਵ

4. **ਸ਼ਾੜਵ-ਸੰਪੂਰਣ —** ਜਿਸ ਰਾਗ ਦੇ ਆਰੋਹ ਵਿੱਚ ਛੇ ਸਵਰ ਅਤੇ ਅਵਰੋਹ ਵਿਚ ਸੱਤ ਸਵਰ ਲਗਣ। ਉਸਨੂੰ ਸ਼ਾੜਵ-ਸੰਪੂਰਣ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

5. **ਸ਼ਾੜਵ-ਸਾੜਵ—** ਜਿਸ ਰਾਗ ਦੇ ਅਰੋਹ ਅਤੇ ਅਵਰੋਹ ਦੋਹਾਂ ਵਿਚ ਛੇ-ਛੇ ਸਵਰ ਲਗਣ, ਉਸਨੂੰ ਨੂੰ ਸ਼ਾੜਵ-ਸ਼ਾੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

6. **ਸ਼ਾੜਵ-ਔੜਵ—** ਜਿਸ ਰਾਗ ਵਿੱਚ ਆਰੋਹ ਵਿੱਚ ਛੇ ਅਤੇ ਅਵਰੋਹ ਵਿੱਚ ਪੰਜ ਸਵਰਾਂ ਦਾ ਪ੍ਰਯੋਗ ਹੋਵੇ ਉਸਨੂੰ ਸ਼ਾੜਵ-ਔੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

## ਔੜਵ ਜਾਤੀ

1. ਔੜਵ-ਸੰਪੂਰਣ 2. ਔੜਵ-ਸ਼ਾੜਵ 3. ਔੜਵ-ਔੜਵ।

7. **ਔੜਵ-ਸੰਪੂਰਣ—** ਜਿਸ ਰਾਗ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਸਤ ਸਵਰ ਲਗਣ, ਉਸ ਨੂੰ ਔੜਵ-ਸੰਪੂਰਣ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

8. **ਔੜਵ-ਸ਼ਾੜਵ—** ਜਿਸ ਰਾਗ ਦੇ ਆਰੋਹ ਵਿੱਚ ਪੰਜ ਅਤੇ ਅਵਰੋਹ ਵਿੱਚ ਛੇ ਸਵਰ ਲੱਗਦੇ ਹਨ। ਉਸਨੂੰ ਔੜਵ-ਸ਼ਾੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

9. **ਔੜਵ-ਔੜਵ—** ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਪੰਜ-ਪੰਜ ਸਵਰ ਲਗਣ ਉਸ ਨੂੰ ਔੜਵ



Downloaded from https:// www.studiestoday.com

Downloaded from https:// www.studiestoday.com

ਔੜਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਰਾਗਾਂ ਦੀਆਂ ਇਨ੍ਹਾਂ ਉਪਜਾਤੀਆਂ ਜਾਤੀਆਂ ਤੋਂ 484 ਰਾਗਾਂ ਦੀ ਉਤਪੱਤੀ ਹੁੰਦੀ ਹੈ।ਜਿਵੇਂ-

ਸੰਪੂਰਣ-ਸੰਪੂਰਣ - 1 ਰਾਗ

ਸੰਪੂਰਣ - ਸ਼ਾੜਵ - 6 ਰਾਗ

ਸੰਪੂਰਣ -ਔੜਵ - 15 ਰਾਗ

ਸ਼ਾੜਵ-ਸੰਪੂਰਣ - 6 ਰਾਗ

ਸ਼ਾੜਵ-ਸਾੜਵ - 36 ਰਾਗ

ਸ਼ਾੜਵ-ਔੜਵ = 90 ਰਾਗ

ਔੜਵ-ਸੰਪੂਰਣ = 15 ਰਾਗ

ਔੜਵ-ਸ਼ਾੜਵ = 90 ਰਾਗ

ਔੜਵ-ਔੜਵ = 225 ਰਾਗ

ਕੁੱਲ = 484 ਰਾਗ

ਇਸ ਪ੍ਰਕਾਰ ਇੱਕ ਥਾਟ ਤੋਂ ਗਣਿਤ ਰਾਹੀਂ ਵੱਧ ਤੋਂ ਵੱਧ 484 ਰਾਗ ਪੈਦਾ ਮੰਨੇ ਜਾਂਦੇ ਹਨ।ਦੱਸ ਥਾਟਾਂ ਦੇ ਅਨੁਸਾਰ 484 × 10 = 4840 ਰਾਗ ਪੈਦਾ ਹੋ ਸਕਦੇ ਹਨ।ਪਰ ਰੰਜਕਤਾ ਅਨੁਸਾਰ ਇੰਨੇ ਜ਼ਿਆਦਾ ਰਾਗ ਗਾਉਣਾ ਬਹੁਤ ਔਖਾ ਹੈ।ਪ੍ਰਚਲਿਤ ਰਾਗਾਂ ਦੀ ਕੁੱਲ ਸੰਖਿਆ 150 – 200 ਹੀ ਹੈ।

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਸੰਪੂਰਣ ਭਾਰਤੀ ਸੰਗੀਤ ਕਿਸ ਤੇ ਆਧਾਰਿਤ ਹੈ ?
2. ਰਾਗ ਤੋਂ ਕੀ ਭਾਵ ਹੈ ?
3. ਰਾਗ ਵਿੱਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਕਿੰਨੇ ਸਵਰ ਲਗਦੇ ਹਨ ?
4. ਰਾਗ ਦੀਆਂ ਕੁਲ ਮੁੱਖ ਕਿੰਨੀਆਂ ਜਾਤੀਆਂ ਹਨ ?
5. ਰਾਗ ਵਿੱਚ ਇਕ ਵਰਜਿਤ ਸਵਰ ਕਰਨ ਤੇ ਕਿਹੜੀ ਜਾਤੀ ਬਣਦੀ ਹੈ ?
6. ਸਾੜਵ-ਸਾੜਵ ਜਾਤੀ ਦੇ ਰਾਗ ਵਿੱਚ ਕਿੰਨੇ ਸਵਰ ਲਗਦੇ ਹਨ ?



Downloaded from https:// www.studiestoday.com

Downloaded from https:// www.studiestoday.com

7. ਸੰਪੂਰਣ ਜਾਤੀ ਕਿਸ ਨੂੰ ਕਹਿੰਦੇ ਹਨ ?

8. ਰਾਗ ਦੀਆਂ ਤਿੰਨ ਮੁਖ ਜਾਤੀਆਂ ਤੋਂ ਹੋਰ ਕਿੰਨੀਆਂ ਉਪਜਾਤੀਆਂ ਬਣਦੀਆਂ ਹਨ ?

**ਅਧਿਆਪਕ ਲਈ —**

1. ਵਿਦਿਆਰਥੀਆਂ ਤੋਂ ਰਾਗ ਦੀਆਂ ਜਾਤੀਆਂ ਉਪਜਾਤੀਆਂ ਦਾ ਚਾਰਟ ਬਣਵਾਇਆ ਜਾਵੇ।
2. ਗੱਤੇ ਤੇ ਕਾਗਜ਼ ਚਿਪਕਾ ਕੇ ਕੋਈ ਤਿੰਨ ਜਾਤੀਆਂ ਦੇ ਨਾਂ ਅਤੇ ਉਸ ਵਿੱਚ ਲੱਗਣ ਵਾਲੇ ਸਵਰ ਲਿਖੇ ਜਾਣ।



Downloaded from https:// www.studiestoday.com

Downloaded from https:// www.studiestoday.com

# ਪੰਡਿਤ ਵਿਸ਼ਣੂ ਨਾਰਾਇਣ ਭਾਤ ਖੰਡੇ





Downloaded from https:// www.studiestoday.com

Downloaded from https:// www.studiestoday.com

ਪਾਠ - 10

# ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ

ਆਧੁਨਿਕ ਕਾਲ ਵਿੱਚ ਪੰ. ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੀ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਪੰ. ਜੀ ਦਾ ਨਿਵਾਸ ਸਥਾਨ ਬਾਲਕੇਸ਼ਵਰ (ਮਹਾਰਾਸ਼ਟਰ) ਸੀ। ਇਹਨਾਂ ਦਾ ਜਨਮ 10 ਅਗਸਤ 1862 ਈ. ਨੂੰ ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਆਪ ਉੱਚ ਕੋਟੀ ਦੇ ਵਿਦਵਾਨ ਅਤੇ ਆਪਣੇ ਸਮੇਂ ਦੇ ਮੰਨੇ ਹੋਏ ਵਕੀਲ ਸਨ। ਆਪ ਨੂੰ ਸੰਗੀਤ ਦੀ ਅਜਿਹੀ ਲਗਨ ਲੱਗੀ ਕਿ ਆਪਨੇ ਵਕਾਲਤ ਦਾ ਕੀਤਾ ਛੱਡ ਕੇ ਸੰਗੀਤ ਵਿੱਚ ਆਈਆਂ ਤਰੁਟੀਆਂ ਨੂੰ ਦੂਰ ਕਰਨ ਵਿੱਚ ਲੱਗ ਪਏ। ਸੰਨ 1904 ਈ. ਵਿੱਚ ਇਹਨਾਂ ਨੇ ਦੱਖਣ ਵੱਲ ਯਾਤਰਾ ਕਰਕੇ ਵੱਡੇ-ਵੱਡੇ ਸੰਗੀਤਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਕਮਜ਼ੋਰ ਪ੍ਰਾਚੀਨ ਗ੍ਰੰਥਾਂ ਦਾ ਅਧਿਅਨ ਕੀਤਾ। ਦੋ ਸਾਲ ਤੱਕ ਦੱਖਣ ਵਿੱਚ ਰਹਿਣ ਤੋਂ ਬਾਅਦ ਉਨ੍ਹਾਂ ਨੇ ਉੱਤਰੀ ਭਾਰਤ ਦਾ ਦੌਰਾ ਕੀਤਾ। ਇੱਥੇ ਵੀ ਇਹ ਬਹੁਤ ਸਾਰੇ ਸੰਗੀਤਕਾਰਾਂ ਦੇ ਸੰਪਰਕ ਵਿੱਚ ਆਏ ਤੇ ਪ੍ਰਾਚੀਨ ਗ੍ਰੰਥਾਂ ਦਾ ਅਧਿਅਨ ਕੀਤਾ। ਇਸ ਤੋਂ ਬਾਅਦ ਭਾਤਖੰਡੇ ਜੀ ਨੇ ਮੱਧ ਭਾਰਤ ਦੇ ਉੱਤਰ ਪ੍ਰਦੇਸ਼ ਵਿੱਚ ਵੀ ਦੌਰੇ ਕੀਤੇ। ਇਸ ਤਰ੍ਹਾਂ ਭਾਰਤ ਦੀਆਂ ਅਲੱਗ-ਅਲੱਗ ਦਿਸ਼ਾਵਾਂ ਦੀ ਯਾਤਰਾ ਕਰਕੇ ਉੱਥੋਂ ਦੇ ਪਰੰਪਰਾਵਾਂ ਦੀ ਬਹੁਪੱਖੀ ਜਾਣਕਾਰੀ ਪ੍ਰਾਪਤ ਕੀਤੀ। ਭਾਤਖੰਡੇ ਜੀ ਨੇ ਸੰਗੀਤ ਦੀ ਅਰਾਧਨਾ ਕਰਕੇ ਸੰਗੀਤ ਨੂੰ ਜਨਸਧਾਰਣ ਵਿੱਚ ਸਨਮਾਨਿਤ ਸਥਾਨ ਦਿਲਾਇਆ। ਸੰਗੀਤ ਗ੍ਰੰਥਾਂ ਨੂੰ ਆਸਾਨ ਭਾਸ਼ਾਵਾਂ ਵਿੱਚ ਲਿਖ ਕੇ ਆਮ ਲੋਕਾਂ ਤੱਕ ਪਹੁੰਚਾਇਆ। ਪੰ. ਭਾਤਖੰਡੇ ਜੀ ਦੀ ਭਾਰਤੀ ਸੰਗੀਤ ਨੂੰ ਹੇਠ ਲਿਖੀ ਦੇਣ ਪ੍ਰਾਪਤ ਹੈ—

1. **ਭਾਤਖੰਡੇ ਸੁਰ ਲਿਪੀ—** ਗੀਤਾ ਦੀ ਸਵਰ-ਲਿਪੀ ਲਿਖਣ ਲਈ ਇੱਕ ਸਰਲ ਢੰਗ ਦਾ ਨਿਰਮਾਣ ਕਰਨਾ ਭਾਤਖੰਡੇ ਜੀ ਦਾ ਸਭ ਤੋਂ ਵੱਡਾ ਅਤੇ ਅਮੁੱਲਾ ਕੰਮ ਸੀ। ਇਸ ਲਈ ਉਨ੍ਹਾਂ ਨੇ ਨਵੀਂ ਸਵਰ ਲਿਪੀ ਦੀ ਰਚਨਾ ਕੀਤੀ ਜਿਸ ਨੂੰ ਭਾਤਖੰਡੇ ਜੀ ਦਾ ਸਭ ਤੋਂ ਵੱਡਾ ਅਤੇ ਅਮੁੱਲਾ ਕੰਮ ਸੀ। ਇਸ ਲਈ ਉਨ੍ਹਾਂ ਨੇ ਨਵੀਂ ਸਵਰ ਲਿਪੀ ਦੀ ਰਚਨਾ ਕੀਤੀ ਜਿਸ ਨੂੰ ਭਾਤਖੰਡੇ ਸੁਰ ਲਿਪੀ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸੰਗੀਤ ਦੀਆਂ ਬੰਦਿਸ਼ਾਂ ਜਵਾਨੀ ਯਾਦ ਕੀਤੀਆਂ ਜਾਂਦੀਆਂ ਸਨ। ਪਰ ਭਾਤਖੰਡੇ ਸਵਰ-ਲਿਪੀ ਬਨਣ ਨਾਲ ਪੁਰਾਣੀਆਂ ਬੰਦਿਸ਼ਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਮਿਟ ਜਾਣ ਤੋਂ ਬਚਾਇਆ।

2. **ਸੰਗੀਤ ਨੂੰ ਹਰਮਨ ਪਿਆਰਾ ਬਣਾਉਣਾ** — ਸੰਗੀਤ ਨੂੰ ਹਰਮਨ ਪਿਆਰਾ ਬਣਾਉਣ ਦਾ ਸੇਹਰਾ ਵੀ ਭਾਤਖੰਡੇ ਜੀ ਨੂੰ ਜਾਂਦਾ ਹੈ। ਇਹ ਮਹਾਨ ਕੰਮ ਕਰਕੇ ਜਨਸਾਧਾਰਣ ਵਿੱਚ ਇਸਦੀ ਰੁਚੀ ਅਤੇ ਲਗਨ ਪੈਦਾ ਕਰਨ ਦਾ ਵਿਸ਼ਾਲ ਦਰਖਤ ਲਗਾਇਆ। ਸੰਗੀਤ ਵਿੱਚ ਰੁਚੀ ਲਿਆਉਣ ਲਈ ਉਹਨਾਂ ਨੇ ਸੰਗੀਤ ਦਾ ਪ੍ਰਚਾਰ



Downloaded from https:// www.studiestoday.com

Downloaded from https:// www.studiestoday.com

ਕੀਤਾ।

3. **ਸੰਗੀਤ ਪੁਸਤਕਾਂ** — ਪੰ. ਜੀ ਨੇ ਸਾਰੇ ਭਾਰਤ ਦਾ ਦੌਰਾ ਕਰਕੇ ਜੋ ਸਮੱਗਰੀ ਸੰਗੀਤਕਾਰਾਂ ਤੋਂ ਪ੍ਰਾਪਤ ਕੀਤੀ ਉਸਦੇ ਫਲਸਵਰੂਪ ਕਈ ਪੁਸਤਕਾਂ ਛਪਵਾਈਆਂ, 'ਹਿੰਦੁਸਤਾਨੀ ਸੰਗੀਤ ਪੱਦਤੀ (ਚਾਰ ਭਾਗ) ਇਸ ਵਿੱਚ ਸੰਗੀਤ ਸ਼ਾਸਤਰ ਦੀ ਚਰਚਾ ਕੀਤੀ ਗਈ ਹੈ।

ਕ੍ਰਮਿਕ ਪੁਸਤਕ ਮਲਿਕਾ (ਛੇ ਭਾਗ) ਜਿਸ ਵਿੱਚ ਸੈਂਕੜੇ ਪਰੰਪਰਾਗਤ ਧਰੁਪਦ ਧਮਾਰ, ਤਰਾਨੇ, ਖਿਆਲ ਲਿਖੇ ਗਏ ਹਨ।ਅਭਿਨਵ ਰਾਗ ਮੰਜਰੀ ਆਪਣੇ ਇਸ ਸੰਗੀਤ ਪੁਸਤਕਾਂ ਵਿੱਚ 'ਚਤੁਰ ਪੰਡਿਤ' ਦੀ ਉਪਮਾ ਹੇਠ ਰਚਨਾਵਾਂ ਵੀ ਲਿਖਿਆਂ।ਕੁਝ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿੱਚ ਕੀਤਾ।ਅੱਜ ਦੇ ਸੰਗੀਤਕਾਰਾਂ ਨੂੰ ਪੁਰਾਤਨ ਸੰਗੀਤ ਦੇ ਗੌਰਵ ਤੋਂ ਵੀ ਜਾਣੂ ਕਰਵਾਇਆ।

4. **ਸੰਗੀਤ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਸ਼ੁਰੂ ਕਰਵਾਈ**— ਪੰ. ਜੀ ਨੇ ਆਪਣੇ ਸੰਗੀਤ ਸਿੱਖਿਆ ਪ੍ਰਣਾਲੀ ਦੀ ਰਚਨਾ ਕੀਤੀ।ਵਿਦਿਆਰਥੀਆਂ ਲਈ ਸਕੂਲ ਤੇ ਕਾਲਜਾਂ ਦੇ ਪੱਧਰ ਤੱਕ ਪ੍ਰਣਾਲੀ ਦਾ ਕੰਮ ਸ਼ੁਰੂ ਕਰਵਾ ਕੇ ਸੰਗੀਤ ਜਗਤ ਨੂੰ ਨਵੀਂ ਦਿਸ਼ਾ (ਸੇਧ) ਦਿੱਤੀ।

5. **ਸੰਗੀਤ ਵਿਦਿਆਲਿਆਂ ਦੀ ਸਥਾਪਨਾ** — ਪੰ. ਜੀ ਦੇ ਯਤਨਾਂ ਸਦਕਾ ਮੈਰਿਸ ਕਾਲਜ ਆਫ਼ ਮਿਊਜ਼ਿਕ ਲਖਨਊ ਮਾਧਵ ਸੰਗੀਤ ਵਿਦਿਆਲਾ ਦੀ ਸਥਾਪਨਾ ਕਰਵਾਈ। ਜਿਸ ਨਾਲ ਸੰਗੀਤ ਕਲਾ ਦਾ ਪ੍ਰਸਾਰ ਤੇ ਪ੍ਰਚਾਰ ਬਹੁਤ ਹੋਇਆ।

6. **ਥਾਟਰਾਗ ਪੱਧਤੀ**— ਭਾਤਖੰਡੇ ਜੀ ਨੇ ਵਿਅੰਕਟ ਮੁਖੀ ਦੇ ਥਾਟਾਂ ਤੋਂ 10 ਥਾਟਾਂ ਨੂੰ ਉੱਤਰੀ ਪ੍ਰਣਾਲੀ ਦੇ ਲਈ ਚੁਣਕੇ ਉਨ੍ਹਾਂ ਦੇ ਆਧਾਰ ਤੇ ਰਾਗਾਂ ਦੀ ਰਚਨਾ ਕੀਤੀ।ਥਾਟ ਰਾਗ ਪੱਦਤੀ ਤੋਂ ਪਹਿਲਾਂ ਰਾਗ-ਰਾਗਿਨੀ ਪੱਦਤੀ ਪ੍ਰਚਲਿਤ ਸੀ। ਜਿਸ ਵਿੱਚ ਬਹੁਤ ਖਾਮੀਆਂ ਸਨ। ਇਨ੍ਹਾਂ ਨੂੰ ਦੂਰ ਕਰਕੇ ਭਾਤਖੰਡੇ ਜੀ ਨੇ ਥਾਟਰਾਗ ਪੱਦਤੀ ਨੂੰ ਪ੍ਰਚਾਰ ਵਿੱਚ ਲਿਆਂਦਾ। ਥਾਟ ਰਾਗ ਪੱਦਤੀ ਨਾਲ ਸੰਗੀਤਕਾਰਾਂ ਵਿੱਚ ਨਿਯਮਬੱਧ ਢੰਗ ਨਾਲ ਗਾਉਣ-ਵਜਾਉਣ ਦੀ ਯੋਗਤਾ ਪੈਦਾ ਹੋਈ।

7. **ਰਾਗਾਂ ਦੀ ਵਰਗੀਕਰਣ**— ਰਾਗਾਂ ਦਾ ਵਰਗੀਕਰਣ ਪੰ. ਜੀ ਨੇ ਅਪਣੇ ਸਮੇਂ ਦੇ ਸੋ ਰਾਗਾਂ ਦਾ ਨਿਰਮਾਣ ਦਸ ਥਾਟਾਂ ਤੇ ਆਧਾਰ ਤੇ ਹੀ ਕੀਤਾ। ਸੰਗੀਤ ਨੂੰ ਸ਼ਾਸਤਰਾਂ ਦਾ ਆਧਾਰ ਵੀ ਪੰ. ਜੀ ਨੇ ਦਿੱਤਾ ਜਿਸ ਨਾਲ ਸੰਗੀਤ ਦਾ ਵਿਕਾਸ ਵਿਗਿਆਨਿਕ ਤੇ ਠੀਕ ਢੰਗ ਨਾਲ ਹੋਣ ਲੱਗਾ।

8. **ਗੀਤ ਰਚਨਾ**— ਆਪਨੇ, ਖਿਆਲ, ਧਰੁਪਦ, ਧਮਾਰ, ਤਰਾਨਾ ਅਤੇ ਕਈ ਲੱਛਣ ਗੀਤਾਂ ਦੀ ਰਚਨਾ ਕੀਤੀ।ਭਾਰਤੀ ਸੰਗੀਤ ਵਿੱਚ ਲੱਛਣ ਗੀਤਾ ਨੂੰ ਸਥਾਨ ਵੀ ਭਾਤਖੰਡੇ ਜੀ ਨੇ ਹੀ ਦੁਆਇਆ ਸੀ।

9. **ਸੰਗੀਤ ਸੰਮੇਲਨ**— ਜਨ ਸਾਧਾਰਨ ਦੀ ਸੰਗੀਤ ਪ੍ਰਤੀ ਰੁਚੀ ਪੈਦਾ ਕਰਨ ਲਈ ਉਹਨਾਂ ਨੇ ਅਨੇਕਾਂ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਅਤੇ ਸੰਨ 1916 ਵਿੱਚ ਬੜੌਦਾ ਵਿਖੇ ਸੰਗੀਤ ਸੰਮੇਲਨ ਕਰਵਾਇਆ। ਇਸ ਸੰਗੀਤ ਸੰਮੇਲਨ ਵਿੱਚ ਦੇਸ਼ ਭਰ ਦੇ ਸੰਗੀਤਕਾਰ ਬੁਲਾਏ ਗਏ। ਇਹ ਸੰਮੇਲਨ ਇਨ੍ਹਾਂ ਸਫ਼ਲ ਰਿਹਾ ਕਿ ਸਾਰੇ ਭਾਰਤ ਵਿੱਚ ਇਸ ਦੀਆਂ ਧੁਮਾ ਪੈ ਗਈਆਂ।ਇਸ ਤਰ੍ਹਾਂ ਭਾਰਤ ਵਿੱਚ ਸੰਗੀਤ ਪ੍ਰੇਮੀਆਂ ਦੀ ਸਹਾਇਤਾ ਨਾਲ ਸੰਗੀਤ ਸੰਮੇਲਨ ਕਰਵਾਏ ਗਏ। ਇਸ ਲਈ ਭਾਰਤ ਵਿੱਚ ਕੀਤੇ ਜਾ ਰਹੇ ਸੰਗੀਤ ਸੰਮੇਲਨ ਦਾ ਸਿਹਰਾ ਵੀ



Downloaded from https:// www.studiestoday.com

Downloaded from https:// www.studiestoday.com

ਭਾਤਖੰਡੇ ਜੀ ਨੂੰ ਹੀ ਜਾਂਦਾ ਹੈ।

**10. ਪ੍ਰਾਚੀਨ ਕਲਾਕਾਰਾਂ ਦੀ ਸਮੱਗਰੀ ਨੂੰ ਸੁਰ ਲਿਪੀਬੱਧ ਕਰਨਾ ਤੇ ਗ੍ਰੰਥ ਪਰਿਚਅ ਕਰਵਾਉਣਾ—** ਭਾਤਖੰਡੇ ਜੀ ਨੇ ਸੰਗੀਤ ਕਲਾਕਾਰਾਂ ਦੀਆਂ ਨਾ ਸਮਝ ਆਉਣ ਵਾਲੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਨੋਟੇਸ਼ਨ ਪ੍ਰਣਾਲੀ ਵਿੱਚ ਨਿਬੱਧ ਕਰਕੇ ਸੰਗੀਤ ਦੇ ਵਿਦਿਆਰਥੀਆਂ ਤੇ ਉਪਕਾਰ ਕੀਤਾ। ਆਪਨੇ ਕਿਹੜੀ ਪੁਸਤਕ ਕਿਹੜੇ ਗ੍ਰੰਥ ਵਿੱਚ ਉਪਲੱਬਧ ਹੈ, ਇਹਨਾਂ ਸਾਰੀਆਂ ਦਾ ਵਰਣਨ ਲਿਖ ਕੇ ਸੰਗੀਤ ਦੇ ਵਿਦਿਆਰਥੀਆਂ ਲਈ ਨਵਾਂ ਰਸਤਾ ਦਿਖਾਇਆ।

ਅੰਤ ਵਿੱਚ ਅਸੀਂ ਇਹ ਹੀ ਕਹਾਂਗੇ ਕਿ ਭਾਤਖੰਡੇ ਜੀ ਨੇ ਸੰਗੀਤ ਦੀ ਸੇਵਾ ਵਿੱਚ ਆਪਣਾ ਸਾਰਾ ਜੀਵਨ ਲਗਾ ਕੇ ਸੰਗੀਤ ਨੂੰ ਇੱਕ ਨਵਾਂ ਜੀਵਨ ਦਿੱਤਾ। ਭਾਵ ਉਹ ਜਿੰਨੀ ਦੇਰ ਜੀਉਂਦੇ ਰਹੇ ਸੰਗੀਤ ਲਈ ਹੀ ਜੀਏ। ਅੱਜ ਦਾ ਭਾਰਤੀ ਸੰਗੀਤ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਲਈ ਸਦਾ ਰਿਣੀ ਰਹੇਗਾ।

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਪੰ. ਵਿਸ਼ਨੂ ਨਾਰਾਅਣ ਭਾਤਖੰਡੇ ਦਾ ਜਨਮ ਕਦੋਂ ਤੇ ਕਿਥੇ ਹੋਇਆ ?
2. ਆਧੁਨਿਕ ਕਾਲ ਵਿੱਚ ਭਾਰਤੀ ਸੰਗੀਤ ਨੂੰ ਕਿਸ ਸੰਗੀਤਕਾਰ ਦੀ ਦੇਣ ਹੈ ?
3. ਪੰ. ਵਿਸ਼ਨੂ ਨਰਾਇਣ ਜੀ ਦੀ ਸੁਰਲਿਪੀ ਤੋਂ ਕੀ ਭਾਵ ਹੈ ?
4. ਪੰ. ਭਾਤਖੰਡੇ ਜੀ ਨੇ ਕਿਹੜੇ-ਕਿਹੜੇ ਸ਼ਹਿਰਾ ਵਿੱਚ ਸੰਗੀਤ ਵਿਦਿਆਰਤੀਆਂ ਦੀ ਸਥਾਪਨਾ ਕੀਤੀ ?
5. ਪੰਡਿਤ ਜੀ ਦੀ ਲਿਖੀ ਪੁਸਤਕ ਦਾ ਨਾ ਦੱਸੋ ?
6. ਪੰਡਿਤ ਜੀ ਨੇ ਕਿਸ ਪੱਦਤੀ ਨੂੰ ਪ੍ਰਚਾਰ ਵਿੱਚ ਲਿਆਦਾ ਰਾਗਾਂ ਦਾ ਵਰਣਨ ਕਿਸ ਪੱਦਤੀ ਤੇ ਆਧਾਰ ਤੇ ਪੰ: ਜੀ ਨੇ ਕੀਤਾ ?

**ਅਧਿਆਪਕ ਲਈ —**

1. **ਵਿਦਿਆਰਥੀਆਂ ਨੂੰ ਪੰ: ਵਿਸ਼ਨੂੰ ਨਾਰਾਇਣ ਭਾਤ ਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ ਦਸ ਕੇ ਉਨ੍ਹਾਂ ਦਾ ਚਿੱਤਰ ਲਗਵਾ ਕੇ ਇਸ ਸਬੰਧੀ ਚਾਰਟ ਬਣਵਾਇਆ ਜਾਵੇ।**
2. **ਪੰ: ਵਿਸ਼ਨੂੰ ਨਰਾਇਣ ਭਾਤਖੰਡੇ ਜੀ ਤੋਂ ਇਲਾਵਾ ਹੋਰ ਸੰਗੀਤ-ਕਾਰਾਂ ਦੀ ਜਾਣਕਾਰੀ ਦੇਣ ਜਿਹਨਾਂ ਨੇ ਸੰਗੀਤ ਪ੍ਰਤੀ ਕੁਝ ਕੰਮ ਕੀਤਾ ਹੋਵੇ।**



Downloaded from https:// www.studiestoday.com

Downloaded from https:// www.studiestoday.com

# ਕਿਰਿਆਤਮਕ ਭਾਗ

## (ਨੌਵੀਂ ਵਾਦਨ)

Downloaded from https:// www.studiestoday.com

Downloaded from https:// www.studiestoday.com

ਪਾਠ - 11

# ਅਲੰਕਾਰ

(ਭੈਰਵੀ, ਕਾਫੀ, ਬਿਲਾਵਲ ਥਾਟਾਂ ਦੇ ਪੰਜ-ਪੰਜ ਅਲੰਕਾਰ)

ਭੈਰਵੀ ਥਾਟ (ਰੇ ਗ ਧ ਨੀ ਕੋਮਲ)

1

| | | | | | | | | |
|---|---|---|---|---|---|---|---|---|
| ਆਰੋਹ- | ਸ | ਰੇ | ਗ | ਮ | ਪ | ਧ | ਨੀ | ਸਾਂ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਅਵਰੋਹ- | ਸਾਂ | ਨੀ | ਧ | ਪ | ਮ | ਗ | ਰੇ | ਸਾ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |

2

| | | | | | | | | |
|---|---|---|---|---|---|---|---|---|
| ਆਰੋਹ- | ਸਸ | ਰੇਰੇ | ਗਗ | ਮਮ | ਪਪ | ਧਧ | ਨੀਨੀ | ਸਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| ਆਵਰੋਹ- | ਸਸ | ਨੀਨੀ | ਧਧ | ਪਪ | ਮਮ | ਗਗ | ਰੇਰੇ | ਸਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |

3

| | | | | | | |
|---|---|---|---|---|---|---|
| ਆਰੋਹ- | ਸਰੇਗਗ | ਰੇਗਮਮ | ਗਮਪਪ | ਮਪਧਧ | ਪਧਨੀਨੀ | ਧਨੀਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ- | ਸਨੀਧਧ | ਨੀਧਪਪ | ਧਪਮਮ | ਪਮਗਗ | ਮਗਰੇਰੇ | ਗਰੇਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

4

| | | | | | | |
|---|---|---|---|---|---|---|
| ਆਰੋਹ- | ਸਰੇਗ | ਰੇਗਮ | ਗਮਪ | ਮਪਧ | ਪਧਨੀ | ਧਨੀਸਂ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |
| ਅਵਰੋਹ- | ਸਂਨੀਧ | ਨੀਧਪ | ਧਪਮ | ਪਮਗ | ਮਗਰੇ | ਗਰੇਸ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |

5

| | | | | | | | | | | | | |
|---|---|---|---|---|---|---|---|---|---|---|---|---|
| ਆਰੋਹ- | ਸਰੇ | ਸਗ | ਰੇਗ | ਰੇਮ | ਗਮ | ਗਪ | ਮਪ | ਮਧ | ਪਧ | ਪਨੀ | ਧਨੀ | ਧਸਂ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |
| ਅਵਰੋਹ- | ਸਂਧ | ਨੀਧ | ਨੀਪ | ਧਪ | ਧਮ | ਪਮ | ਪਗ | ਮਗ | ਮਰੇ | ਗਰੇ | ਗਸ | ਰੇਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |



Downloaded from https:// www.studiestoday.com

Downloaded from https:// www.studiestoday.com

## ਕਾਫੀ ਥਾਟ (ਗ ਨੀ ਕੋਮਲ)

1

| | | | | | | | | |
|---|---|---|---|---|---|---|---|---|
| ਆਰੋਹ- | ਸ | ਰੇ | ਗ | ਮ | ਪ | ਧ | ਨੀ | ਸ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਅਵਰੋਹ- | ਸ | ਨੀ | ਧ | ਪ | ਮ | ਗ | ਰੇ | ਸ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |

2

| | | | | | | | | |
|---|---|---|---|---|---|---|---|---|
| ਆਰੋਹ- | ਸਸ | ਰੇਰੇ | ਗਗ | ਮਮ | ਪਪ | ਧਧ | ਨੀਨੀ | ਸਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| ਅਵਰੋਹ- | ਸਸ | ਨੀਨੀ | ਧਧ | ਪਪ | ਮਮ | ਗਗ | ਰੇਰੇ | ਸਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |

3

| | | | | | | |
|---|---|---|---|---|---|---|
| ਆਰੋਹ- | ਸਰੇਗਗ | ਰੇਗਮਮ | ਗਮਪਪ | ਮਪਧਧ | ਪਧਨੀਨੀ | ਧਨੀਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ- | ਸਨੀਧਧ | ਨੀਧਪਪ | ਧਪਮਮ | ਪਮਗਗ | ਮਗਰੇਰੇ | ਗਰੇਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

4

| | | | |
|---|---|---|---|
| ਆਰੋਹ- | ਸਗਰੇਮ | ਗਪਮਧ | ਪਨੀਧਸਂ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ- | ਸਧਨੀਪ | ਧਮਪਗ | ਮਰੇਗਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

5

| | | | | | | | |
|---|---|---|---|---|---|---|---|
| ਆਰੋਹ- | ਸਰੇ | ਰੇਗ | ਗਮ | ਮਪ | ਪਧ | ਧਨੀ | ਨੀਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |
| ਅਵਰੋਹ- | ਸਨੀ | ਨੀਧ | ਧਪ | ਪਮ | ਮਗ | ਗਰੇ | ਰੇਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |



Downloaded from https:// www.studiestoday.com

Downloaded from https:// www.studiestoday.com

ਬਿਲਾਵਲ ਥਾਟ (ਸਾਰੇ ਸਵਰ ਸ਼ੁਧ)

1

| | | | | | | | | |
|---|---|---|---|---|---|---|---|---|
| ਆਰੋਹ- | ਸ | ਰੇ | ਗ | ਮ | ਪ | ਧ | ਨੀ | ਸਂ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |
| ਅਵਰੋਹ- | ਸ | ਨੀ | ਧ | ਪ | ਮ | ਗ | ਰੇ | ਸ |
| | ਦਾ | ਰਾ | ਦਾ | ਰਾ | ਦਾ | ਰਾ | ਦਾ | ਰਾ |

2

| | | | | | | |
|---|---|---|---|---|---|---|
| ਆਰੋਹ- | ਸਾਰੇਗ | ਰੇਗਮ | ਗਮਪ | ਮਪਧ | ਪਧਨੀ | ਧਨੀਸ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |
| ਅਵਰੋਹ- | ਸਨੀਧ | ਨੀਧਪ | ਧਪਮ | ਪਮਗ | ਮਗਰੇ | ਗਰੇਸ |
| | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |

3

| | | | | | |
|---|---|---|---|---|---|
| ਆਰੋਹ- | ਸਰੇਗਮ | ਰੇਗਮਪ | ਗਮਪਧ | ਮਪਧਨੀ | ਪਧਨੀਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ- | ਸਨੀਧਪ | ਨੀਧਪਮ | ਧਪਮਗ | ਪਮਗਰੇ | ਮਗਰੇਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

4

| | | | | | | |
|---|---|---|---|---|---|---|
| ਆਰੋਹ- | ਸਗ | ਰੇਮ | ਗਪ | ਮਧ | ਪਨੀ | ਧਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |
| ਅਵਰੋਹ- | ਸਧ | ਨੀਪ | ਧਮ | ਪਗ | ਮਰੇ | ਗਸ |
| | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ | ਦਾਰਾ |

5

| | | | | | | |
|---|---|---|---|---|---|---|
| ਆਰੋਹ- | ਸਰੇਗਗ | ਰੇਗਮਮ | ਗਮਪਪ | ਮਪਧਧ | ਪਧਨੀਨੀ | ਧਨੀਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| ਅਵਰੋਹ- | ਸਨੀਧਧ | ਨੀਧਪਪ | ਧਪਮਮ | ਪਮਗਗ | ਮਗਰੇਰੇ | ਗਰੇਸਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |



Downloaded from https:// www.studiestoday.com

Downloaded from https:// www.studiestoday.com

## ਪਾਠ - 12

# ਰਾਗ ਭੈਰਵੀ

**ਜਾਣ-ਪਛਾਣ**- ਇਹ ਰਾਗ ਭੈਰਵੀ ਥਾਟ ਜਨਣ ਰਾਗ ਹੈ। ਇਸ ਰਾਗ ਵਿਚ ਰੇ, ਗ, ਧ, ਨੀ ਸਵਰ ਕੋਮਲ ਗਾਕੀ ਸੁਰ ਸ਼ੁਧ ਲਗਦੇ ਹਨ, ਇਸ ਰਾਗ ਦਾ ਵਾਦੀ ਸਵਰ ਮ ਅਤੇ ਸੰਵਾਦੀ ਸਵਰ (ਸ) ਹੈ। ਇਹ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਹੈ।

| | | |
|---|---|---|
| ਥਾਟ | - | ਭੈਰਵੀ |
| ਸਵਰ | - | ਰੇ ਗ ਧ ਨੀ |
| ਵਾਦੀ | - | ਮ |
| ਸੰਵਾਦੀ | - | ਸ |
| ਜਾਤੀ | - | ਸੰਪੂਰਨ-ਸੰਪੂਰਨ |

**ਗਾਣ ਦਾ ਸਮਾਂ - ਸਵੇਰ ਦਾ ਪਹਿਲਾ ਪਹਿਰ ਹੈ।**

| | | | | | | | | |
|---|---|---|---|---|---|---|---|---|
| **ਆਰੋਹ-** | ਸ | ਰੇ | ਗ | ਮ | ਪ | ਧ | ਨੀ | ਸ |
| **ਆਵਰੋਹ-** | ਸ | ਨੀ | ਧ | ਪ | ਮ | ਗ | ਰੇ | ਸ |
| **ਪਕੜ-** | ਮ | ਗ | ਮ | ਰੇ | ਸ | ਧ | ਨੀ | ਸ |

**ਅਲਾਪ**

| | | | | | | | |
|---|---|---|---|---|---|---|---|
| 1. ਸऽ | ਧ ਨੀ ਸ, | ਸ ਰੇ | ਗऽ | ਸ ਰੇਗ | | | |
| 2. ਸਰੇ | ਗਮ | ਪऽ | ਪਧ | ਪਧ | ਨੀਧ | ਪऽ | |
| ਪਧ | ਮਗऽ | ਸਰੇ | ਗऽ | ਰੇਸऽ | ਧਨੀ | ਸ | |
| 3. ਪਧ | ਮਗ | ऽਸਰੇ | ਗ | ਰੇਸ | ऽਧ | ਨੀ | ਸ |
| 4. ਗਮ | ਧਨੀ | ਸਂ | ਨੀਸਂ | ਰੇਂ | ਸਂਰੇਂ | ਸਂਰੇਂ | ਗऽ |
| ਸਂਰੇਂ | ਸਂ- | ਸਂਨੀ | ਧਪ | ਪਧ | ਮਗ | ਰੇਸ | |



Downloaded from https:// www.studiestoday.com

Downloaded from https:// www.studiestoday.com

## ਰਾਗ ਭੈਰਵੀ (ਤਿੰਨ ਤਾਲ)

### ਰਜਾਖਾਨੀ ਗਤ (ਦਰੁੱਤ ਗਤ)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | 1 | 2 | | 3 | | 4 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | ਸਥਾਈ | | | | | | | ਨੀ | ਸਸ | ਗੁਸ | ਮਮ |
| ਪ | – | ਧ | ਪ | ਨੀ | ਧੁਧ | ਪਪ | ਮਮ | ਗੁ- | ਗੁਰੇ | -ਰੇ | ਸ | ਦਾ | ਦਿਰ | ਦਿਰ | ਦਿਰ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |
| | | | | | ਅੰਤਰਾ | | | | | | | ਧ | ਨੀਨੀ | ਧਧ | ਸਸ |
| ਸ | – | ਰੇ | ਸ | ਸ | ਗਗ | ਰੇਰੇ | ਸਸ | ਨੀ- | ਨੀਧ | -ਧੁ | ਪ | ਦਾ | ਦਿਰ | ਦਿਰ | ਦਿਰ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |
| | | | | | | | | | | | | ਪ | ਨੀਨੀ | ਧੁਧ | ਪਪ |
| ਗੁ | – | ਮ | ਪ | ਧੁ | ਮਮ | ਗਗ | ਰੇਰੇ | ਗੁ- | ਗੁਰੇ | -ਰੇ | ਸ | ਦਾ | ਦਿਰ | ਦਿਰ | ਦਿਰ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |

## ਰਾਗ ਭੈਰਵੀ

### ਰਜਾਖਾਨੀ ਗਤ (ਦਰੁੱਤ ਗਤ)

**ਤੋੜੇ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| – | – | – | | ਸਰੇ | ਗੁਮ | ਪਧ | ਨੀਸ | ਸਨੀ | ਧਪ | ਮਗ | ਰੇਸ | -ਗਤ | | | |
| | | | | ਗੁਮ | ਪਮ | ਗੁਮ | ਪਧੁ | ਨੀਨੀ | ਧੁਪ | ਮਗੁ | ਰੇਸ | -ਗਤ | | | |
| ਸਨੀ | ਸਨੀ | ਧੁਪ | ਨੀਧ | ਨੀਧ | ਪਮ | ਧੁਪ | ਧੁਪ | ਮਗੁ | ਪਮ | ਪਮ | ਗੁਰੇ | ਮਗੁ | ਰੇਸ | ਨੀਸ | ਗੁਸ- ਸਮ |
| – | – | – | – | – | – | – | – | ਸ- | ਸਰੇ | ਗੁਰੇ | ਸ | ਸਨੀ | ਧੁਧ | ਨੀਧ | ਪਪ |
| ਧੁਪ | ਮਮ | ਪਮ | ਗਗ | ਮਗੁ | ਰੇਰੇ | ਗੁਰੇ | ਸਸ | ਗੁਰੇ | ਸਸ | ਗੁਰੇ | ਸਸ | -ਗਤ | | | |
| – | – | – | – | – | – | – | – | ਮਮ | ਗਗ | ਰੇਰੇ | ਸਸ | ਧੁਧ | ਧੁਧ | ਪਪ ਮਮ | ਗਗ |
| ਰੇਰੇ | ਸਸ | ਸਸ | ਨੀਨੀ | ਧੁਧ | ਪਪ | ਮਮ | ਗਗ | ਰੇਰੇ | ਸਸ | ਨੀਸ | ਗਮ | ਪ- | ਗੁਮ | ਪ- | ਗੁਮ-ਸਮ |



Downloaded from https:// www.studiestoday.com

Downloaded from https:// www.studiestoday.com

ਪਾਠ - 13

# ਰਾਗ ਕਾਫੀ

**ਜਾਣ-ਪਛਾਣ** - ਰਾਗ ਕਾਫੀ, ਕਾਫੀ ਥਾਟ ਦਾ ਜਨਏ ਰਾਗ ਹੈ। ਇਸ ਰਾਗ ਵਿੱਚ ਗ, ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਹ ਸੰਪੂਰਨ ਜਾਤੀ ਦਾ ਰਾਗ ਹੈ। ਇਸ ਦਾ ਵਾਦੀ ਸਵਰ ਪ (ਪੰਚਮ) ਤੇ ਸੰਵਾਦੀ ਸੁਰ ਸ (ਸੜਜ) ਹੈ। ਇਸ ਰਾਗ ਦਾ ਗਾਣ-ਵਜਾਣ ਦਾ ਸਮਾਂ ਮੱਧ ਰਾਤਰੀ ਦਾ ਹੈ:

ਥਾਟ – ਕਾਫੀ

ਸਵਰ – ਗੁ ਨੀ ਕੋਮਲ, ਬਾਕੀ ਸ਼ੁਧ

ਵਾਦੀ – ਪ (ਪੰਛਮ)

ਸੰਵਾਦੀ – ਸ

ਜਾਤੀ – ਸੰਪੂਰਨ - ਸੰਪੂਰਨ

ਗਾਣ ਵਜਾਣਨਾ ਸਮਾਂ – ਸਵੇਰ ਦਾ ਪਹਿਲਾ ਪਹਿਰ

ਅਰੋਹ : ਸ ਰੇ ਗੁ ਮ ਪ ਧ ਨੀ ਸ

ਅਵਰੋਹ : ਸਂ ਨੀ ਧ ਪ, ਮ ਗੁ ਰੇ ਸ

ਪਕੜ : ਪ ਮ ਗੁ ਰੇ, ਰੇ ਗੁ ਮ ਪ, ਮ ਗੁ ਰੇ ਸ

**ਅਲਾਪ**

1. ਸਨੀ ਧ ਸ ਸ ਰੇ ਗੁ ਰੇ, ਰੇ ਮ ਪ ਮ ਗੁ ਰੇ ਮ ਪ ਗੁ ਰੇ, ਰੇ ਨੀਂ ਧਂ ਸਂ
2. ਰੇ ਮ ਪ, ਧ ਮ ਪ ਪ ਗ ਰੇ, ਸ ਰੇ ਗੁ ਰੇ ਗੁ ਮ, ਗੁ ਰੇ, ਪ ਮ ਪ ਗੁ ਰੇ, ਗੁ ਸ, ਗੁ ਰੇ, ਮ ਮ ਪ
3. ਰੇ ਮ ਪ ਧ ਨੀ ਧ ਪ, ਨੀ ਧ ਨੀ ਸ, ਗ ਰੇ ਸ ਨੀ ਧ ਪ, ਪ ਮ ਪ, ਗੁ ਰੇ, ਰੇ ਨੀ ਧ ਸ



Downloaded from https:// www.studiestoday.com

Downloaded from https:// www.studiestoday.com

## ਰਾਗ ਕਾਫੀ (ਤਿੰਨ ਤਾਲ)

## ਰਜਾਖਾਨੀ ਗਤ (ਦਰੁੱਤ ਗਤ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਸਥਾਈ | | ਸ | ਰੇਰੇ | ਗ- | ਰੇ | ਗ | ਮਮ | ਪ | ਮ |
| ਪ | - | ਪ | ਮ | ਗ | ਰੇਰੇ | ਸ | ਨੀ | ਦਾ | ਦਿਰ | ਦਾऽ | ਰ | ਦਾ | ਦਿਰ | ਦਾ | ਰਾ |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | | | | | | | | |
| | | | | | | | | ਨੀ | ਸਸ | ਮ | ਗ | ਪ | ਮਮ | ਧ | ਪ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸ | ਨੀਨੀ | ਧਧ | ਪਪ | ਮ- | ਗਰੇ | -ਰੇ | ਸ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |
| | | | | | | ਅੰਤਰਾ | | ਗ | ਗਗ | ਗ | ਮ | ਪ | ਪਪ | ਨੀ | ਨੀ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਂ | - | ਸਂ | ਸਂ | ਸਂ | ਗਗ | ਰੇ | ਸਂ | | | | | | | | |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | | | | | | | | |
| | | | | | | | | ਗ | ਰੇਰੇ | ਸਂ | ਨੀ | ਧ | ਪਪ | ਮ | ਪ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਂ | ਨੀਨੀ | ਧਧ | ਪਪ | ਮ- | ਗਰੇ | -ਰੇ | ਸ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |



Downloaded from https:// www.studiestoday.com

Downloaded from https:// www.studiestoday.com

## ਰਾਗ ਕਾਫੀ

### ਰਜਾਖਾਨੀ ਗਤ (ਦਰੁੱਤ ਗੱਤ)

**'ਤੋੜੇ'**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਰੇ | ਗਾਗਾ | ਰੇਗਾ | ਮਮ | ਗਾਪ | ਪਮ | ਗਾਰੇ | ਸ | -ਗਾਤ | | | | | | | |
| ਪਧ | ਨੀਸ | ਸਨੀ | ਧਪ | ਗਾਮ | ਪਮ | ਗਾਰੇ | ਸ- | ਪਮ | ਗਾਮ | ਪ- | ਪਮ | ਗਾਮ | ਪ- | ਪਮ | ਗਾਮ |
| ਸਸ | ਰੇਰੇ | ਗਾਗਾ | ਮਮ | ਪਪ | ਮਸ | ਗਾਗਾ | ਰੇ- | ਗਾਗਾ | ਮਮ | ਪ- | ਗਾਗਾ | ਮਮ | ਪ- | ਗਾਗਾ | ਮਮ |
| ਸਰੇ | ਗਾਗਾ | ਰੇਸ | ਰੇਗਾ | ਮਮ | ਗਾਰੇ | ਗਾਮ | ਧਂਧ | ਪਮ | ਗਾਮ | ਪਨੀ | ਸਨੀ | ਧਪ | ਮਗਾ | ਰੇਸ | ਪਮ |
| ਗਾਰੇ | ਸ- | ਸਰੇ | ਗਾਮ | ਪ- | ਪਮ | ਗਾਰੇ | ਸ- | ਸਰੇ | ਗਾਮ | ਪ- | ਪਮ | ਗਾਰੇ | ਸ- | ਗਾਰੇ | ਗਾਮ —ਸਮ |
| ਪਧ | ਨੀਸ | ਨੀ | ਧਪ | ਗਾਮ | ਪ- | ਗਾਰੇ | ਸ- | ਪਮ | ਗਾਮ | ਪਪ | ਪਮ | ਗਾਮ | ਪਪ | ਪਮ | ਗਾਮ —ਸਮ |



Downloaded from https:// www.studiestoday.com

Downloaded from https:// www.studiestoday.com

## ਪਾਠ - 14

# ਰਾਗ ਬਿਲਾਵਲ

**ਜਾਣ-ਪਛਾਣ-**

ਇਹ ਰਾਗ ਬਿਲਾਵਲ ਥਾਟ ਦਾ ਰਾਗ ਹੈ ਇਸ ਰਾਗ ਵਿਚ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਲਈ ਇਸ ਰਾਗ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਕਈ ਵਿਦਵਾਨ ਅਰੋਹ ਵਿਚ ਮ ਸਵਰ ਵਰਜੀਤ ਕਰਦੇ ਸ਼ਾੜਵ-ਸੰਪੂਰਨ ਜਾਤੀ ਮੰਨਦੇ ਹਨ। ਇਸ ਰਾਗ ਦਾ ਵਾਦੀ ਸਵਰ ਧ (ਧੈਵਤ) ਤੇ ਸੰਵਾਦੀ ਸਵਰ ਗ (ਗੰਧਾਰ) ਹੈ। ਇਸ ਰਾਦ ਦੇ ਗਾਣ-ਵਜਾਣ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ। ਇਹ ਰਾਗ ਅਜ ਕੱਲ ਬਹੁਤ ਪ੍ਰਚਲਿਤ ਹੈ।

| | | |
|---|---|---|
| ਥਾਟ | - | ਬਿਲਾਵਲ |
| ਸਵਰ | - | ਸਾਰੇ ਸੁਧ |
| ਵਰਜਿਤ | - | ਕੋਈ ਨਹੀਂ |
| ਵਾਦੀ | - | ਧ (ਧੈਵਤ) |
| ਸੰਵਾਦੀ | - | ਗ (ਗੰਧਾਰ) |
| ਜਾਤੀ | - | ਸੰਪੂਰਨ - ਸੰਪੂਰਨ |
| ਸਮਾਂ | - | ਦਿਨ ਦਾ ਦੂਸਰਾ ਪਹਿਰ |

ਆਰੋਹ- ਸ ਰੇ ਗ ਮ ਪ ਧ ਨੀ ਸ

ਅਵਰੋਹ- ਸ ਨੀ ਧ ਪ ਮ ਗ ਰੇ ਸ

ਪਕੜ- ਗ ਪ ਧ ਨੀ ਸ ਨੀ ਧ ਪ ਮ ਗ ਰੇ ਸ

### ਆਲਾਪ

1. ਸ ਰੇ ਸ ਗ, ਮ ਰੇ ਸ, ਨੀ ਧ ਪ ਧ
ਨੀ, ਸ ਗ ਰੇ ਗ, ਪ ਮ ਗ, ਮ ਰੇ ਸ
2. ਸ ਗ, ਰੇ ਗ ਪ, ਮ ਗ, ਮ ਰੇ ਗ ਪ ,
ਧ ਪ, ਮ ਗ ਮ ਰੇ ਗ ਧ, ਮ ਗ ਰੇ ਸ
3. ਸ ਰੇ ਗ, ਮ ਰੇ ਸ, ਗ, ਗ ਪ ਧ ਪ ,
ਮ ਗ, ਰੇ ਗ ਪ, ਧ ਨੀ ਸ ਧ, ਨੀ ਧ
ਪ, ਮ ਗ ਮ ਰੇ ਸ
4. ਪ ਧ, ਧ ਨੀ ਸਂ ਰੇ ਸਂ ਧ ਮ ਰੇ ਸਂ
ਨੀ, ਧ ਪ ਗ, ਮ ਗ ਗ ਰੇ ਗ ਪ
ਧ ਨੀ ਰੇਂ ਸਂ, ਧ ਪ, ਧ ਨੀ ਧ ਪ, ਮ
ਗ, ਮ ਰੇ ਸ



Downloaded from https:// www.studiestoday.com

Downloaded from https:// www.studiestoday.com

## ਰਾਗ ਬਿਲਾਵਲ (ਤਿੰਨ ਤਾਲ)

### ਰਜਾਖਾਨੀ ਗਤ (ਦਰੁੱਤ ਗਤ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | ਸਥਾਈ | | | ਗ | ਮਮ | ਰੇ | ਗ | ऽ | ਪਪ | ਧ | ਨੀ |
| | | | | | | | | ਦਾ | ਦਿਰ | ਦਾ | ਰਾ | ऽ | ਦਿਰ | ਦਾ | ਰਾ |
| ਸ | - | ਸ | ਸ | ਧ | ਨੀਨੀ | ਧ | ਪ | | | | | | | | |
| ਦਾ | ऽ | ਦਾ | ਰ | ਦਾ | ਦਿਰ | ਦਾ | ਦਾ | ਗ | ਮਮ | ਧ | ਨੀ | ਸਂ | ਨੀਨੀ | ਧ | ਪ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਂ | ਨੀਨੀ | ਧਧ | ਪਪ | ਗऽ | ਗਰੇ | ऽਰੇ | ਸ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |
| | | | | | ਅੰਤਰਾ | | | ਗ | ਮਮ | ਰੇ | ਗ | ਪ | ਧਧ | ਨੀ | ਨੀ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਂ | - | ਸਂ | ਸਂ | ਨੀ | ਨੀਨੀ | ਸਂ | ਸਂ | | | | | | | | |
| ਦਾ | ऽ | ਦਾ | ਰਾ | ਦਾ | ਦਿਰ | ਦਾ | ਰਾ | | | | | | | | |
| | | | | | | | | ਸਂ | ਰੇਰੇਂ | ਗਂ | ਰੇ | ਸਂ | ਨੀਨੀ | ਧ | ਨੀ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸਂ | ਨੀਨੀ | ਧਧ | ਪਪ | ਗऽ | ਮਰੇ | ऽਰੇ | ਸ | | | | | | | | |
| ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | | | | | |

### ਰਾਗ ਬਿਲਾਵਲ

### (ਰਜਾਖਾਨੀ ਗਤ) (ਦਰੁੱਤ ਗਤ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਨੀ | ਧਨੀ | ਸਰੇ | ਸਨੀ | ਧਪ | ਮਗ | ਮਰੇ | ਸ- | ਗਤ | | | | | | | |
| ਸਰੇ | ਸਨੀ | ਸਨੀ | ਧਪ | ਧਪ | ਮਗ | ਮਗ | ਰੇਸ | ਗਤ | | | | | | | |
| ਸਰੇ | ਸऽ | ਸਰੇ | ਗਰੇ | ਸਨੀ | ਧਨੀ | ਸਨੀ | ਧਪ | ਗਤ | | | | | | | |
| ਸਨੀ | ਧਪ | ਧਨੀ | ਸਨੀ | ਧਪ | ਮਗ | ਮਰੇ | ਧਰੇ | ਗਰੇ | ਗਮ | ਪਪ | ਧਨੀ | ਸ- | ਧਨੀ | ਸ- | ਧਨੀ -ਸਮ |
| ਸਰੇ | ਗਗ | ਰੇਗ | ਮਮ | ਗਮ | ਪਪ | ਸਪ | ਧਧ | ਪਧ | ਨੀਨੀ | ਧਨੀ | ਸ- | ਮਗ | ਮਰੇ | ਗਪ | ਧਨੀ -ਸਮ |



Downloaded from https:// www.studiestoday.com

Downloaded from https:// www.studiestoday.com

## ਪਾਠ - 15

# ਤਾਲਾਂ

## ਤਿੰਨ ਤਾਲ, ਝਪਤਾਲ, ਦਾਦਰਾ ਤਾਲ, ਕਹਿਰਵਾ ਤਾਲ

### ਤਿੰਨ ਤਾਲ

**ਜਾਣ-ਪਛਾਣ-**

ਤਿੰਨ ਤਾਲ ਤਬਲੇ ਦੀ ਪ੍ਰਸਿਧ ਤਾਲ ਹੈ। ਇਸ ਤਾਲ ਨੂੰ "ਤ੍ਰਿਤਾਲ' ਜਾਂ ਤਿੰਨ ਤਾਲ ਵੀ ਕਹਿੰਦੇ ਹਨ। ਤੀਨ ਤਾਲ ਦੀਆਂ 16 ਮਾਤ੍ਰਾਵਾਂ ਹੁੰਦੀਆਂ ਹਨ, ਜਿੰਨਾਂ ਨੂੰ ਚਾਰ-ਚਾਰ ਮਾਤ੍ਰਾਵਾਂ ਦੇ ਚਾਰ ਵਿੱਚ ਵੰਡਿਆ ਜਾਂਦਾ ਹੈ। ਇਸ ਤਾਲ ਦੀ ਪਹਿਲੀ, ਪੰਜਵੀ ਤੇ ਤ੍ਰੇਹਵੀ ਮਾਤ੍ਰਾ ਤੇ ਤਾਲੀ ਅਤੇ ਨੌਵੀ ਮਾਤਰਾ ਖਾਲੀ ਹੁੰਦੀ ਹੈ। ਇਸ ਤਾਲ ਦਾ ਪ੍ਰਯੋਗ ਗਾਇਨ ਵਿਚ ਦਰੁਤ ਖਿਆਲ, ਤਰਾਨਾ, ਭਜਨ, ਸ਼ਬਦ ਨਾਲ, ਤੰਤ੍ਰ ਕਥਕ ਨਰਿਤ, ਆਦਿ ਵਿਚ ਕੀਤਾ ਜਾਂਦਾ ਹੈ। ਇਹ ਤਾਲ ਵਿਲੰਬਿਤ, ਮੱਧ ਅਤੇ ਦਰੁਤ ਲੈਅ ਵਿਚ ਵਜਾਈ ਜਾਂਦੀ ਹੈ-

| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਬੋਲ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| ਦੁਗੱਨ | ਧਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਤਿੰ | ਤਿੰਤਾ | ਤਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਤਿੰ | ਤਿੰਤਾ | ਤਾਧਿੰ | ਧਿੰਧਾ |
| ਚਿੰਨ | × | | | | 2 | | | | 0 | | | | 3 | | | |

### ਝਪਤਾਲ

**ਜਾਣ-ਪਛਾਣ-**

ਝਪਤਾਲ ਦਣਾਲੇ ਦੀ ਖੰਡ ਜਾਤੀ ਦੀ ਪ੍ਰਚਲਿਤ ਤਾਲ ਹੈ। ਝਪਤਾਲ ਦੀਆਂ 10 ਮਾਤ੍ਰਾਵਾਂ ਹੁੰਦੀਆਂ ਹਨ। ਇਸ ਤਾਲ ਦੇ 2-3, 2-3, ਮਾਤਰਾ ਦੇ ਚਾਰ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ, ਤੀਜੀ, ਅੱਠਵੀਂ, ਮਾਤਰਾ ਤੇ ਤਾਲੀ ਅਤੇ ਛੇਵੀਂ ਮਾਤਰਾ ਖਾਲੀ ਹੁੰਦੀ ਹੈ। ਇਸ ਦੀ ਝੁਮਦੀ ਹੋਈ ਚਾਲ ਤੋਂ ਇਸ ਦਾ ਨਾਮ ਝਪਤਾਲ ਪੈ ਗਿਆ। ਇਸ ਤਾਲ ਸ਼ਿੰਗਾਰ ਰਸ ਦੀ ਪਰਿਚਾਰਿਤ ਹੈ ਇਸ ਤਾਲ ਦਾ ਪ੍ਰਯੋਗ ਖਿਆਲ ਗੀਤ, ਕਥਕ ਨਰਿਤ ਅਤੇ ਗਤਾ ਨਾਲ ਵਜਾਈ ਜਾਂਦੀ ਹੈ।

| ਮਾਤਰਾ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਬੋਲ | ਧਿ | ਨਾ | ਧਿ | ਧਿ | ਨਾ | ਤਿ | ਨਾ | ਧਿ | ਧਿ | ਨਾ |
| ਦੁਗਣ | ਧਿਨਾ | ਧਿਧਿ | ਨਾਤਿ | ਨਾਧਿ | ਧਿਨਾ | ਧਿਨਾ | ਧਿਧਿ | ਨਾਤਿ | ਨਾਧਿ | ਧਿਨਾ |
| ਚਿੰਨ | × | | 2 | | | 0 | | 3 | | |



Downloaded from https:// www.studiestoday.com

Downloaded from https:// www.studiestoday.com

## ਤਾਲ ਦਾਦਰਾ

**ਜਾਣ-ਪਛਾਣ-**

ਦਾਦਰਾ ਤਾਲ ਛੇ ਮਾਤਰਾ ਦੀ ਤਾਲ ਹੈ, ਇਸ ਤਾਲ ਦੇ ਤਿੰਨ-ਤਿੰਨ ਮਾਤਰਾ ਦੇ ਦੋ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਜਾ ਪਹਿਲੀ ਤਾਲੀ ਅਤੇ ਚੌਥੀ ਮਾਤਰਾ ਖਾਲੀ ਹੁੰਦੀ ਹੈ। ਇਹ ਸੁਗਮ ਸੰਗੀਤ ਸ਼ੈਲੀ ਦੇ ਨਾਲ ਤਬਲੇ ਤੇ ਵਜਾਈ ਜਾਂਦੀ ਹੈ।

| ਮਾਤਰਾ | 1 | 2 | 3 | 4 | 5 | 6 |
|---|---|---|---|---|---|---|
| ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਦੁਗਣ | ਧਾਧਿੰ | ਨਾਧਾ | ਤਿੰਨਾ | ਧਾਧਿੰ | ਨਾਧਾ | ਤਿੰਨਾ |
| ਚਿੰਨ | × | | | 0 | | |

## ਤਾਲ ਕਹਿਰਵਾ

**ਜਾਣ-ਪਛਾਣ-**

ਇਸ ਤਾਲ ਦੀਆਂ ਅੱਠ ਮਾਤਰਾਵਾਂ ਹੁੰਦੀਆਂ ਹਨ, ਜਿਨਾਂ ਨੂੰ ਚਾਰ-ਚਾਰ ਮਾਤਰਾਵਾਂ ਦੇ ਦੋ ਵਿਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਜਾਂ ਪਹਿਲੀ ਤਾਲੀ ਅਤੇ ਪੰਜਵੀ ਮਾਤਰਾ ਖਾਲੀ ਹੁੰਦੀ ਹੈ। ਇਹ ਤਾਲ ਸੁਗਮ ਸੰਗੀਤ ਨਾਲ ਤਬਲੇ ਤੇ ਵਜਾਈ ਜਾਂਦੀ ਹੈ। ਇਹ ਤਾਲ ਲੋਕ ਸੰਗੀਤ ਵਿਚ ਵਜਾਈ ਜਾਂਦੀ ਹੈ ਜਿਸ ਨਾਲ ਬੱਚੇ, ਬੁਢੇ ਇਸ ਤਾਲ ਤੇ ਨੱਚ ਉੱਠਦੇ ਹਨ। ਸਰਲਤਾ ਦੇ ਨਾਲ ਇਸ ਤਾਲ ਝੁਮਟੀ ਜਹੀ ਹੈ।

| ਮਾਤਰਾ | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਬੋਲ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |
| ਦੁਗਨ | ਧਾਗੇ | ਨਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |
| ਚਿੰਨ | × | | | | 0 | | | |



Downloaded from https:// www.studiestoday.com

Downloaded from https:// www.studiestoday.com

# ਦਸਵੀਂ ਸ਼੍ਰੇਣੀ ਲਈ

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

## ਪਾਠ - 1

# ਪਰਿਭਾਸ਼ਾਵਾਂ

**(i) ਸਪਤਕ —**

ਸੱਤ ਸੁਰ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ। ਸਪਤਕ ਦਾ ਅਰਥ ਹੈ ਸਪਤ (ਸੱਤ) ਅਸੀਂ ਇਹ ਵੀ ਕਹਿ ਸਕਦੇ ਹਾਂ ਚਲ ਅਤੇ ਅਚੱਲ ਸੁਰ ਦੇ ਗਾਉਣ ਤੇ ਵਜਾਉਣ ਦੇ ਅੰਤਰ ਨਾਲ 12 ਸੁਰ ਬਣਦੇ ਹਨ। ਇਹਨਾਂ ਵਿੱਚੋਂ ਸ਼ੁੱਧ ਸੱਤ ਸੁਰ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

**ਸਪਤਕ ਦੀਆਂ ਕਿਸਮਾਂ—** ਆਵਾਜ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ। ਜਿਹਨਾਂ ਵਿੱਚੋਂ ਕਈ ਧੁਨੀਆ ਭਾਰੀ ਤੇ ਬਰੀਕ ਹੁੰਦੀਆਂ ਹਨ। ਇਸ ਧੁਨੀ ਦੇ ਅੰਤਰ ਨੂੰ ਦੇਖਦੇ ਸਪਤਕ ਮੁੱਖ ਤਿੰਨ ਤਰ੍ਹਾਂ ਦੇ ਹਨ।

**(i) ਮੰਦਰ ਸਪਤਕ —** ਇਸ ਸਪਤਕ ਦੀ ਆਵਾਜ ਆਮ ਆਵਾਜ ਨਾਲੋਂ ਦੁਗਣੀ ਨੀਵੀਂ ਹੁੰਦੀ ਹੈ। ਸੁਰ ਲਿਪੀ ਵਿੱਚ ਵਿੱਚ ਸਪਤਕ ਦੇ ਸੁਰ ਦੇ ਥੱਲੇ ਬਿੰਦੀ ਲਗਾਈ ਜਾਂਦੀ ਹੈ। ਜਿਵੇਂ .ਮ .ਪ .ਧ .ਨੀ।

**(ii) ਮੱਧ ਸਪਤਕ—** ਆਮ ਆਵਾਜ ਨੂੰ ਮੱਧ ਸਪਤਕ ਦੀ ਆਵਾਜ ਕਹਿੰਦੇ ਹਨ। ਇਸ ਸਪਤਕ ਦੀ ਆਵਾਜ ਨਾ ਜ਼ਿਆਦਾ ਨੀਵੀਂ ਤੇ ਨਾ ਜ਼ਿਆਦਾ ਉੱਚੀ ਹੁੰਦੀ ਹੈ। ਸੁਰ ਲਿਪੀ ਵਿੱਚ ਇਹਨਾਂ ਦੇ ਸੁਰਾਂ ਤੇ ਕੋਈ ਚਿੰਨ੍ਹ ਨਹੀਂ ਲੱਗਦਾ ਹਨ। ਜਿਵੇਂ- ਸਾ ਰੇ ਗ ਮ ਪ ਧ ਨੀ।

**(iii) ਤਾਰ ਸਪਤਕ—** ਇਸ ਸਪਤਕ ਦੇ ਸੁਰਾਂ ਦੀ ਆਵਾਜ ਮੱਧ ਸਪਤਕ ਤੇ ਸੁਰਾਂ ਤੋਂ ਦੁਗਣੀ ਅਤੇ ਮੰਦਰ ਸਪਤਕ ਦੇ ਧੁਰਾਂ ਤੋਂ ਚੋਗੁਣੀ ਉੱਚੀ ਹੁੰਦੀ ਹੈ। ਇਸ ਸਪਤਕ ਦੀ ਆਵਾਜ ਬਰੀਕ ਤੇ ਤਿੱਖੀ ਹੁੰਦੀ ਹੈ। ਇਹਨਾਂ ਸੁਰਾ ਨੂੰ ਰਿਆਜ ਨਾਲ ਹੀ ਗਾਇਆ, ਵਜਾਇਆ ਜਾਂਦਾ ਹੈ। ਇਸ ਸਪਤਕ ਦੇ ਸੁਰਾ ਦੇ ਉੱਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ ਸਂ, ਰੇਂ, ਗਂ, ਮਂ।

2. **ਅਚਲ ਸਵਰ —** ਅਚਲ ਸਵਰ ਦਾ ਅਰਥ ਹੈ ਸਥਿਰ ਜਾਂ ਨ ਚਲਨ ਵਾਲਾ ਜਾਂ ਆਪਨੀ ਜਗ੍ਹਾ ਦੇ ਅਡਿਗ ਰਹਿਣ ਵਾਲਾ। ਇਸ ਲਈ ਭਾਰਤੀ ਸੰਗੀਤ ਦੇ ਉਹ ਸਵਰ ਜਿਹੜੇ ਆਪਣੇ ਮੂਲ ਜਗਹ ਤੇ ਨਿਸ਼ਚਿਤ ਰਹਿਣ ਉਹਨਾਂ ਨੂੰ ਅਚਲ ਦੀ ਸੰਗਿਆਂ (ਨਾਂ) ਦਿੱਤੀ ਜਾਂਦੀ ਹੈ। ਸੰਗੀਤ ਵਿੱਚ ਚੱਲ ਦੋ ਹੀ ਮੰਨੇ ਗਏ ਹਨ। 'ਸ' ਅਤੇ 'ਪ'। ਇਹ ਦੋ ਸਵਰ ਅਜਿਹੇ ਸਵਰ ਹਨ ਜਿਹੜੇ ਗਾਇਨ, ਵਾਦਨ ਸਮੇਂ ਆਪਣੇ ਨਿਸ਼ਚਿਤ ਸਥਾਨ ਤੇ ਰਹਿੰਦੇ ਹਨ।

3. **ਚਲ ਸਵਰ—** ਚਲ ਦਾ ਅਰਥ ਹੈ, ਚਲਣ ਵਾਲਾ। ਇਸ ਲਈ ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੋਂ ਉੱਪਰ ਜਾਂ ਨੀਵੇਂ ਵੱਲ ਜਾਣ ਉਸ ਨੂੰ ਚਲ ਸਵਰ ਕਹਿੰਦੇ ਹਨ। ਇਨ੍ਹਾਂ ਸਵਰਾਂ ਦੀ ਸੰਖਿਆਂ ਪੰਜ ਹੈ ਜਿਵੇਂ- ਰੇ ਗ ਮ ਧ ਨੀ।

ਅਚਲ ਸਵਰ = ਸ, ਪ

ਚਲ ਸਵਰ - ਰੇ ਗ ਮ ਧ ਨੀ



Downloaded from https:// www.studiestoday.com

Downloaded from https:// www.studiestoday.com

4. ਅਲੰਕਾਰ —

ਅਲੰਕਾਰ ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸਦਾ ਅਰਥ ਹੈ 'ਸਜਾਉਣਾ'। ਜਿਵੇਂ ਮਨੁੱਖ ਆਪਣੇ ਸ਼ਰੀਰ ਨੂੰ ਸਜਾਉਣ ਲਈ ਭਿੰਨ-ਭਿੰਨ ਤਰ੍ਹਾਂ ਦੇ ਗਹਿਣੇ ਪਾਉਂਦਾ ਹੈ ਕਿ ਉਹ ਖੂਬਸੂਰਤ ਲੱਗੇ ਉਸੀ ਤਰ੍ਹਾਂ ਜਦੋਂ ਅਸੀਂ ਗਾਇਨ, ਵਾਦਨ ਤੇ ਨਰਿਤ ਵਿੱਚ ਭਿੰਨ-ਭਿੰਨ ਤਰ੍ਹਾਂ ਦੇ ਸਵਰ ਸਮੂਹਾਂ ਨੂੰ ਪ੍ਰਯੋਗ ਕਰਕੇ ਇਹਨਾਂ ਕਲਾਵਾਂ ਨੂੰ ਸਜਾਉਂਦੇ ਹਾਂ। ਉਸ ਨੂੰ ਅਲੰਕਾਰ ਕਹਿੰਦੇ ਹਨ। ਅਲੰਕਾਰ ਦਾ ਇੱਕ ਸਿਧਾਂਤ ਹੈ ਕਿ ਜੋ ਸਵਰ ਅਸੀਂ ਅਲੰਕਾਰਾਂ ਦੀ ਅਰੋਹ ਵਿੱਚ ਲਗਾਵਾਂਗੇ ਉਹ ਹੀ ਸਵਰ ਅਵਰੋਹੀ ਵਿੱਚ ਲੱਗਣਗੇ। ਅਲੰਕਾਰ ਸ਼ੁੱਧ ਸਵਰਾਂ ਤੋਂ ਇਲਾਵਾ ਕੋਮਲ ਸਵਰ ਤੇ ਤੀਬਰ ਸਵਰ ਲਗਾਕੇ ਵੀ ਬਣਾਏ ਜਾ ਸਕਦੇ ਹਨ। ਅਲੰਕਾਰ ਨੂੰ ਪਲਟਾ ਵੀ ਕਿਹਾ ਜਾਂਦਾ ਹੈ। ਜਿਸ ਦਾ ਅਰਥ ਹੈ ਪਲਟਣਾ। ਅਲੰਕਾਰ ਬਣਾਉਂਦੇ ਸਮੇਂ ਸਵਰਾਂ ਦੀ ਸੰਖਿਆ ਅਤੇ ਕ੍ਰਮ ਆਪਣੀ ਇੱਛਾ ਮੁਤਾਬਿਕ ਨਿਯਮਬੱਧ ਕੀਤੇ ਜਾ ਸਕਦੇ ਹਨ। ਗਾਇਨ ਵਿੱਚ ਤਾਨਾ ਵੀ ਅਲੰਕਾਰਾਂ ਦੇ ਆਧਾਰ ਤੇ ਬਣਦੀਆਂ ਹਨ। ਇਹਨਾਂ ਦੇ ਅਭਿਆਸ ਨਾਲ ਗਾਇਨ, ਵਾਦਨ ਦੋਨੋਂ ਕਲਾਵਾਂ ਵਿੱਚ ਨਿਖਾਰ ਆ ਜਾਂਦਾ ਹੈ। ਸੰਗੀਤ ਵਿੱਚ ਸਵਰਾਂ ਦੇ ਛੋਟੇ-ਛੋਟੇ ਸਮੂਹ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ। ਕਿਉਂਕਿ ਜਦੋਂ ਅਸੀਂ ਇੱਕ ਸਵਰ ਦਾ ਪ੍ਰਯੋਗ ਕਰਦੇ ਹਾਂ ਤਾਂ ਉਹ ਇਹਨਾਂ ਮੰਨ ਨੂੰ ਨਹੀਂ ਭਾਉਂਦਾ ਪ੍ਰੰਤੂ ਜਦੋਂ ਅਸੀਂ ਅਲੰਕਾਰਾਂ ਵਿੱਚ ਸਵਰਾਂ ਦੇ ਛੋਟੇ—ਛੋਟੇ ਟੁਕੜਿਆਂ ਦਾ ਵਕਰ ਰੂਪ ਵਿੱਚ ਪ੍ਰਯੋਗ ਕਰਦੇ ਹਾਂ ਤਾਂ ਇਹ ਦੋਨੋਂ ਕ੍ਰਿਆਵਾਂ ਵਿੱਚ ਇੱਕ ਮਸਤੀ ਜਿਹੀ ਆ ਜਾਂਦੀ ਹੈ ਅਤੇ ਅਲੰਕਾਰ ਗਾਉਣ ਜਾਂ ਵਜਾਉਣ ਵਾਲਾ ਇਸ ਦਾ ਪੂਰਾ ਆਨੰਦ ਮਾਣਦਾ ਹੈ। ਭਰਤ ਨਾਟਯ ਸ਼ਾਸਤਰ ਵਿੱਚ ਭਰਤ ਮੁਨੀ ਜੀ ਨੇ ਠੀਕ ਹੀ ਕਿਹਾ ਹੈ ਜਿਵੇਂ ਪਾਣੀ ਤੋਂ ਬਿਨਾਂ ਨਦੀ, ਚੰਦਰਮਾ ਤੋਂ ਬਿਨਾ ਰਾਤ, ਫੁੱਲ ਤੋਂ ਬਿਨਾਂ ਹੈ। ਉਸੀ ਤਰ੍ਹਾਂ ਅਲੰਕਾਰਾਂ ਤੋਂ ਬਿਨਾਂ ਸੰਗੀਤ ਦੀ ਸੁੰਦਰਤਾਂ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

**ਅਲੰਕਾਰਾਂ ਦੇ ਲਾਭ**

ਅਲੰਕਾਰਾਂ ਦੇ ਹੇਠ ਲਿਖੇ ਲਾਭ ਹਨ—

1. ਅਲੰਕਾਰਾਂ ਨੂੰ ਜੇਕਰ ਕਿਸੀ ਸਾਜ ਤੇ ਵਜਾਇਆ ਜਾਵੇ ਅਤੇ ਨਾਲ ਤਾਲ ਦਿੱਤੀ ਜਾਵੇ ਤਾਂ ਵਿਦਿਆਰਥੀ ਦਾ ਸੁਰ ਅਤੇ ਲੈਅ ਦੋਨੋਂ ਤਿਆਰ ਹੋ ਜਾਂਦੇ ਹਨ।

2. ਅਲੰਕਾਰਾਂ ਦੇ ਅਭਿਆਸ ਨਾਲ ਸਾਜ ਤੇ ਮਾਸਪੇਸ਼ੀਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।

3. ਅਲੰਕਾਰਾਂ ਦੇ ਗਾਣ, ਵਜਾਣ ਨਾਲ ਸੁਰ ਗਿਆਨ ਵੱਧਦਾ ਹੈ।

4. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖੁਦ ਅਲੰਕਾਰਾਂ ਦੀ ਰਚਨਾ ਕਰ ਸਕਦਾ ਹੈ।

5. ਅਲੰਕਾਰਾਂ ਦੇ ਅਭਿਆਸ ਨਾਲ ਅਲਾਪ ਅਤੇ ਤਾਲਾਂ ਦੀ ਤਿਆਰੀ ਵਿੱਚ ਸਹਾਇਤਾ ਮਿਲਦੀ ਹੈ।

6. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਿੱਚ ਵਾਧਾ ਅਤੇ ਲੈਅ ਦਾ ਅਭਿਆਸ ਹੁੰਦਾ ਹੈ।

7. ਅਲੰਕਾਰਾਂ ਦਾ ਅਭਿਆਸ ਕੇਵਲ ਸੰਗੀਤ ਸਿੱਖਣ ਸਮੇਂ ਹੀ ਨਹੀਂ ਸਗੋਂ ਜਦੋਂ ਵੀ ਰਾਗ ਦੀ ਤਿਆਰੀ ਕਰਨੀ ਹੋਵੇ ਤਾਂ ਰਾਗਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ।



Downloaded from https:// www.studiestoday.com

Downloaded from https:// www.studiestoday.com

ਇਸ ਲਈ ਸੰਗੀਤ ਦੇ ਵਿਦਿਆਰਥੀਆਂ ਨੂੰ ਇਸ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਜਿਸ ਸਦਕਾ ਉਹ ਉੱਤਮ ਸ਼੍ਰੇਣੀ ਦੇ ਕਲਾਕਾਰ ਬਣ ਸਕਦੇ ਹਨ। ਕਿਰਿਆਤਮਕ ਭਾਗ ਵਿੱਚ ਅਲੰਕਾਰ ਦਿੱਤੇ ਜਾ ਰਹੇ ਹਨ। ਵਿਦਿਆਰਥੀ ਨੂੰ ਇਹਨਾਂ ਅਲੰਕਾਰਾਂ ਦਾ ਅਭਿਆਸ ਕਰਕੇ ਆਪਣੀ ਕਲਾ ਵਿੱਚ ਨਿਖਾਰ ਲਿਆਉਣਾ ਚਾਹੀਦਾ ਹੈ।

### 5. ਸ਼ਰੂਤੀ

ਸ਼ਰੂਤੀ ਦਾ ਅਰਥ ਹੈ ਸੁਣਨਾ। ਸੰਗੀਤ ਵਿੱਚ ਅਸੀਂ ਹਰ ਸੁਣਨ ਵਾਲੀ ਆਵਾਜ਼ ਨੂੰ ਸ਼ਰੂਤੀ ਨਹੀਂ ਕਹਿ ਸਕਦੇ। ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜੋ ਧਵਨੀ ਦੂਸਰੀ ਧੁਨੀਆਂ ਤੋਂ ਵੱਖਰੀ ਪਛਾਣੀ ਜਾ ਸਕੇ ਉਸ ਨੂੰ ਸੰਗੀਤ ਵਿੱਚ ਸ਼ਰੂਤੀ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਉਹ ਆਵਾਜ ਜੋ ਗੀਤ ਵਿੱਚ ਪ੍ਰਯੋਗ ਕੀਤੀ ਜਾਵੇ ਇੱਕ ਦੂਜੇ ਤੋਂ ਅਲੱਗ ਪਛਾਣੀ ਜਾ ਸਕੇ ਉਸ ਨੂੰ ਸ਼ਰੂਤੀ ਕਹਿੰਦੇ ਹਨ।"

ਸੰਗੀਤ ਵਿੱਚ ਬਾਈ ਨਾਦ ਅਜਿਹੇ ਹਨ ਜਿਸ ਨੂੰ ਸੁਣ ਕੇ ਪਛਾਣਿਆ ਜਾ ਸਕਦਾ ਹੈ, ਸੰਗੀਤ ਵਿੱਚ ਇਨ੍ਹਾਂ ਬਾਈ ਨਾਦਾਂ ਨੂੰ ਹੀ ਸ਼ਰੂਤੀ ਕਿਹਾ ਜਾਂਦਾ ਹੈ।

ਹਰ ਸ਼ਰੂਤੀ ਨਾਦ ਹੈ (ਆਵਾਜ਼) ਹੈ। ਪਰੰਤੂ ਹਰ ਇੱਕ ਨਾਦ (ਆਵਾਜ਼) ਸ਼ਰੂਤੀ ਨਹੀਂ ਹੋ ਸਕਦੀ।

ਸ਼ਰੂਤੀ ਉਹ ਧਵਨੀ ਹੈ ਜੋ ਕੰਨਾਂ ਨੂੰ ਸਪੱਸ਼ਟ ਸੁਣਾਈ ਦੇਵੇ, ਸੰਗੀਤ ਲਈ ਉਪਯੋਗੀ ਹੋਵੇ, ਇੱਕ ਦੂਜੇ ਤੋਂ ਅਲੱਗ ਪਹਿਚਾਨੀ ਜਾ ਸਕੇ, ਸੁਨਣ ਵਿੱਚ ਮਧੁਰ ਤੇ ਮਿੱਠੀ ਹੋਵੇ, ਉਹ ਹੀ ਸ਼ਰੂਤੀ ਹੈ।

**22 ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ—**

1. ਤੀਵਰਾ 2. ਕੁਮੁਦਵਤੀ 3. ਮੰਦਾ 4. ਛੰਦੋਵਤੀ 5. ਦਯਾਵਤੀ 6. ਰੰਜਨੀ 7. ਰਕਤਿਕਾ 8. ਰੌਦ੍ਰੀ 9. ਕ੍ਰੌਧੀ 10. ਵਜਰਿਕਾ 11. ਪ੍ਰਸਾਰਿਣੀ 12. ਪ੍ਰੀਤੀ 13. ਮਾਰਜਨੀ 14. ਕਸ਼ਿਤੀ 15. ਰਕਤਾ 16. ਸੰਦੀਪਨੀ 17. ਆਲਾਪਨੀ 18. ਮਦੰਤੀ 19. ਰੌਹਿਣੀ 20. ਰਮਯਾ 21. ਉਗ੍ਰਾ 22. ਕਸ਼ੋਮਣੀ

ਭਾਰਤੀ ਸੰਗੀਤ ਵਿੱਚ ਗਾਉਣ ਵਜਾਉਣ ਸਮੇਂ ਇਹਨਾਂ ਬਾਈ ਸ਼ਰੂਤੀਆਂ ਦਾ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਨ੍ਹਾਂ 22 ਸ਼ਰੂਤੀਆਂ ਵਿੱਚੋਂ ਅਜਿਹੀਆਂ ਸੱਤ ਸ਼ਰੂਤੀਆਂ ਨੂੰ ਚੁਣਿਆ ਗਿਆ ਹੈ ਜਿਹੜਿਆਂ ਆਸਾਨੀ ਨਾਲ ਗਾਇਆ ਵਜਾਇਆ ਜਾ ਸੱਕਣ। ਇਹਨਾਂ ਦਾ ਨਾਂ ਸਵਰ ਰੱਖਿਆ ਗਿਆ ਭਾਰਤੀ ਸੰਗੀਤ ਇਨ੍ਹਾਂ ਸਤ ਸਵਰਾਂ ਤੇ ਹੀ ਆਧਾਰਿਤ ਹੈ।

### 6. ਠਾਅ

ਠਾਅ ਨੂੰ ਬਰਾਬਰ ਦੀ ਲੈਅ ਵੀ ਆਖਦੇ ਹਨ। ਜਦੋਂ ਇੱਕ ਮਾਤਰਾ ਕਾਲ ਵਿੱਚ ਇੱਕ ਬੋਲ ਬੋਲਿਆ ਜਾ ਵਜਾਇਆ ਜਾਵੇ ਤਾਂ ਉਸ ਠਾਅ ਲੈਅਕਾਰੀ ਕਹਿੰਦੇ ਹਨ। ਤਾਲ ਵਿੱਚ ਲਿਖਣ ਲਈ ਇੱਕ ਮਾਤਰਾ ਤੇ ਇੱਕ ਬੋਲ ਤਾਲ ਦਾ ਲਿਖਿਆ ਜਾਂਦਾ ਹੈ ਜਿਵੇਂ —

1. 1 — — —    2 — — —

ਗ ऽ ऽ ऽ ਧ ऽ ऽ ऽ



Downloaded from https:// www.studiestoday.com

Downloaded from https:// www.studiestoday.com

2.

"ਠਾਅ ਲੈਅਕਾਰੀ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਧਾ | ਗੇ | ਨਾ | ਤੀ | ਨਾ | ਕੇ | ਧਿ | ਨਾ |

**7. ਦੁਗਣ**

ਜਦੋਂ ਇੱਕ ਮਾਤ੍ਰਾ ਕਾਲ ਵਿੱਚ ਦੋ ਮਾਤ੍ਰਾਵਾਂ ਬੋਲੀਆਂ ਜਾਣ ਉਸ ਨੂੰ ਦੁਗਣ ਕਹਿੰਦੇ ਹਨ। ਜਾਂ ਜਦੋਂ ਠੇਅ ਦੀ ਲੈਅ ਦੀ ਇੱਕ ਮਾਤਰਾ ਤੇ ਦੋ ਬੋਲਾਂ ਨੂੰ ਬੋਲਿਆ ਜਾਂ ਵਜਾਇਆ ਜਾਵੇ ਉਹ ਦੁਗਣ ਅਖਵਾਉਂਦੀ ਹੈ। ਤਾਲ ਵਿੱਚ ਦੁਗਣ ਨੂੰ ਲਿਖਣ ਲਈ ਇੱਕ ਮਾਤਰਾ ਤੇ ਤਾਲ ਦੇ ਦੋ ਬੋਲਾਂ ਨੂੰ ਲਿਖਿਆ ਜਾਂਦਾ ਹੈ ਜਿਵੇ-

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| **ਦੁਗਣ ਲੈਅਕਾਰੀ —** | ਧਾਗੇ | ਨਾਤੀ | ਨਾਕੇ | ਧਿਨਾ | ਧਾਗੇ | ਨਾਤੀ | ਨਾਕੇ | ਧਿਨਾ |

**8. ਵਕਰ ਸਵਰ —**

ਉਹ ਸਵਰ ਜਿਸ ਨੂੰ ਰਾਗ ਵਿੱਚ ਸਿੱਧੇ ਕ੍ਰਮ ਨੂੰ ਭੰਗ ਕਰਕੇ ਉਸਦਾ ਪ੍ਰਯੋਗ ਟੇਢਾ ਕੀਤਾ ਜਾਵੇ ਉਸ ਨੂੰ ਵਕਰ ਸਵਰ ਕਹਿੰਦੇ ਹਨ। ਵਕਰ ਦਾ ਅਰਥ ਹੈ 'ਵੱਡਾ'। ਜਦੋਂ ਅਸੀਂ ਪਿੱਛੇ ਮੁੜਦੇ ਹਾਂ ਉਸ ਸਵਰ ਨੂੰ ਛੱਡ ਦਿੱਤਾ ਜਾਂਦਾ ਹੈ। ਉਸ ਨੂੰ ਵਕਰ ਸਵਰ ਕਹਿੰਦੇ ਹਨ। ਜਿਵੇਂ ਗ ਮ ਗ ਪ ਇਸ ਕ੍ਰਮ ਵਿੱਚ ਮ ਸਵਰ ਵਕਰ ਹੈ। ਕਿਉਂਕਿ ਅਸੀਂ ਮ ਸਵਰ ਤੇ ਜਾ ਕੇ ਫਿਰ ਪਿੱਛੇ ਗ ਸਵਰ ਤੇ ਮੁੜ ਆਉਂਦੇ ਹਾਂ ਤੇ ਅੱਗੇ ਚੱਲਦੇ ਹੀ ਉਸ ਨੂੰ ਛੱਡ ਦਿੰਦੇ ਹਾਂ ਤੇ ਫਿਰ ਗ ਸਵਰ ਤੇ ਆ ਜਾਂਦੇ ਹਾਂ। ਕਿਉਂਕਿ ਵਿੱਚ ਅਸੀਂ ਗ ਮ ਗ ਸਵਰਾਂ ਨੂੰ ਵਕਰ ਪ੍ਰਯੋਗ ਕੀਤਾ ਹੈ।

**9. ਝਾਲਾ —**

ਬਾਜ ਅਤੇ ਚਿਕਾਰੀ ਦੀ ਤਾਰ ਤੇ ਸਮਾਨ ਲੈਅ ਵਿੱਚ ਧਵਨੀ ਨੂੰ ਬਿਨਾਂ ਖੰਡਿਤ ਕਿਤੀਆਂ ਇੱਕ ਕ੍ਰਮ ਵਿੱਚ ਸਿਤਾਰ ਦੀ ਬਾਜ ਦੀ ਤਾਰ ਅਤੇ ਚਿਕਾਰੀ ਦੀ ਤਾਰ ਤੇ ਮਿਜ਼ਰਾਬ ਨਾਲ ਪ੍ਰਹਾਰ ਕੀਤਾ ਜਾਂਦਾ ਹੈ। ਉਸ ਨੂੰ ਝਾਲਾਂ ਕਹਿੰਦੇ ਹਨ। ਬਾਜ ਦੀ ਤਾਰ ਤੇ 'ਦਾ' ਅਤੇ ਚਿਕਾਰੀ ਦੀ ਤਾਰ ਤੇ ਰਾ, ਰਾ, ਰਾ ਦਾ ਬੋਲ ਵਜਾਂਦੇ ਹੋਏ ਖੱਬੇ ਹੱਥ ਨਾਲ ਪਰਦਿਆਂ ਤੇ ਮੀਡ, ਕ੍ਰੀਤਨ ਅਤੇ ਕੰਪਨ ਦੀ ਕ੍ਰਿਆ ਕਰਦੇ ਹਾਂ ਤਾਂ ਝਾਲੇ ਦੀ ਸੁੰਦਰਤਾ ਵੱਧ ਜਾਂਦੀ ਹੈ। ਦਾ, ਰਾ, ਰਾ, ਰਾ ਬੋਲਾ ਨੂੰ ਉਲਟ-ਪਲਟ ਕਰਕੇ ਭਿੰਨ-ਭਿੰਨ ਤਰ੍ਹਾਂ ਦੇ ਝਾਲੇ ਬਣਾ ਕੇ ਬਜਾਏ ਜਾਂਦੇ ਹਨ।

ਝਾਲਾਂ ਦੋ ਤਰ੍ਹਾਂ ਦਾ ਹੁੰਦਾ ਹੈ—

1. ਸਿੱਧਾ ਝਾਲਾਂ. 2. ਉਲਟਾ ਝਾਲਾਂ

**1. ਸਿੱਧਾ ਝਾਲਾਂ** — ਬਾਜ਼ ਦੀ ਤਾਰ ਤੇ ਜੇਕਰ 'ਦਾ' ਦਾ ਬੋਲ ਸਿੱਧਾ ਵੱਜੇ ਤਾਂ ਸਿੱਧਾ ਝਾਲਾਂ ਕਹਿੰਦੇ ਹਨ। ਇਸ ਨੂੰ ਸੁਲਟਾ ਝਾਲਾਂ ਵੀ ਕਹਿੰਦੇ ਹਨ। ਇਸ ਦੇ ਬੋਲ ਇਸ ਤਰ੍ਹਾਂ ਹਨ ਦਾ, ਰਾ, ਰਾ, ਰਾ।

**2. ਉਲਟਾ ਝਾਲਾਂ**— ਬਾਜ ਦੀ ਤਾਰ ਅਤੇ ਚਿਕਾਰੀ ਦੀ ਤਾਰ ਤੇ ਅੰਦਰ ਤੋਂ ਬਾਹਰ ਵੱਲ ਪ੍ਰਹਾਰ ਕਰਨ ਨੂੰ ਉਲਟਾ ਝਾਲਾਂ ਕਹਿੰਦੇ ਹਨ। ਇਸ ਦੇ ਬੋਲ ਰਾ ਦਾ, ਦਾ, ਦਾ।



Downloaded from https:// www.studiestoday.com

Downloaded from https:// www.studiestoday.com

### 10. ਸਥਾਈ —

ਇਹ ਗੀਤ ਜਾਂ ਗਤ ਦਾ ਪਹਿਲਾ ਭਾਗ ਹੁੰਦਾ ਹੈ। ਗੀਤ ਜਾ ਗਤ ਦੇ ਪਹਿਲੇ ਪਦ ਨੂੰ ਜਾਂ ਭਾਗ ਨੂੰ ਸਥਾਈ ਕਹਿੰਦੇ ਹਨ। ਗਾਇਨ/ਵਾਦਨ ਵਿੱਚ ਸਥਾਈ ਦਾ ਪ੍ਰਯੋਗ ਸਭ ਤੋਂ ਜ਼ਿਆਦਾ ਹੁੰਦਾ ਹੈ। ਰਾਗਾ ਦਾ ਅਲਾਪ/ਤਾਲ ਦੇ ਦੁਆਰਾ ਸਵਰ ਵਿਸਥਾਰ ਕਰਦਾ ਹੋਇਆ ਵਾਦਕ/ਗਾਇਕ ਬਾਰ-ਬਾਰ ਸਥਾਈ ਦੇ ਮੁਖੜੇ ਨੂੰ ਫੜ ਕੇ ਤਾਲ ਦੇ ਚੱਕਰ ਵਿੱਚ ਪਹੁੰਚ ਜਾਂਦਾ। ਸਥਾਈ ਵਿੱਚ ਮੰਦਰ, ਮੱਧ, ਸਪਤਕ ਦੇ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਇੱਕ ਜਾਂ ਦੋ, ਤਿੰਨ ਆਵਰਤਨ ਹੋ ਸਕਦੇ ਹਨ। ਰਾਗ ਦਾ ਅੰਤਰਾ ਵਜਾਕੇ/ਗਾਕੇ ਮੁੜ ਸਥਾਈ ਜਰੂਰ ਗਾਈ ਜਾ ਵਜਾਈ ਜਾਂਦੀ ਹੈ।

### 11. ਅੰਤਰਾ

ਗੀਤ ਜਾਂ ਗਤ ਦੇ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਦਾ ਵਿਸਤਾਰ ਖੇਤਰ ਮੱਧ ਸਪਤਕ ਤੋਂ ਹੁੰਦਾ ਤਾਰ ਸਪਤਕ ਦੇ ਗੰਧਾਰ, ਮਧਯਮਾ, ਸੁਰ ਤੱਕ ਹੁੰਦਾ ਹੈ। ਅੰਤਰਾ ਹਮੇਸ਼ਾ ਮੱਧ ਸਪਤਕ ਦੇ ਸੁਰਾਂ ਅਰਥਾਤ ਗੰਧਾਰ (ਗ), ਮਧਯਮ (ਮ) ... ਪੰਚਮ (ਪ) ਸਵਰ ਤੋਂ ਸ਼ੁਰੂ ਕੀਤਾ ਜਾਂਦਾ ਹੈ। ਅੰਤਰੇ ਵੀ ਦੋ ਜਾਂ ਇਸ ਤੋਂ ਵੱਧ ਆਵਰਤਨਾਂ ਦੇ ਹੁੰਦੇ ਹਨ।

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਸਤ ਸੁਰਾਂ ਦੇ ਸਮੂਹ ਜਿਸ ਵਿਚ ਰਾਗ ਪੈਦਾ ਕਰਨ ਦੀ ਸ਼ਕਦੀ ਹੁੰਦੀ ਹੈ। ਉਸਨੂੰ ਕੀ ਕਹਿੰਦੇ ਹਨ।
2. ਮ.ਪ.ਧ.ਨੀ ਇਹ ਸਵਰ ਕਿਸ ਸਪਤਕ ਦੇ ਹਨ ?
3. ਜਿਹੜੇ ਸਵਰ ਆਪਣੀ ਜਗ੍ਹਾਂ ਤੋਂ ਚਲ ਪੈਂਦੇ ਹਨ ਉਹ ਕਿਹੜੇ ਸਵਰ ਕਹਾਂਦੇ ਹਨ ?
4. ਸ ਅਤੇ ਪ ਸੁਰ ਕਿਹੜੇ ਸੁਰ ਹਨ ?
5. ਅਲੰਕਾਰਾਂ ਤੋਂ ਕੀ ਭਾਵ ਹੈ ?
6. ਸ਼ਰੁਤੀ ਦਾ ਕੀ ਅਰਥ ਹੈ ?
7. ਜਦੋਂ ਮਾਤਰਾ ਲੈਅ ਵਿਚ ਇਕ ਮਾਤਰਾਂ ਨੇ ਇਕ ਅੰਕ ਜਾਂ ਸ਼ਬਦ ਬੋਲਿਆ ਜਾਂਦਾ ਹੈ ਤਾਂ ਉਸ ਨੂੰ ਕੀ ਕਹਿੰਦੇ ਹਨ ?
8. ਦੁਗੁਣ ਵਿਚ ਇਕ ਮਾਤਰਾਂ ਵਿੱਚ ਕਿੰਨੇ ਅੰਕ ਬੋਲੇ ਜਾਂਦੇ ਹਨ ?
9. ਤਾਰ ਸਪਤਕ ਦੇ ਸਵਰਾ ਉੱਪਰ ਕਿਹੜਾ ਚਿੰਨ੍ਹ ਲਗਾਇਆ ਜਾਂਦਾ ਹੈ ?
10. ਵਕਰ ਸਵਰ ਦਾ ਕੀ ਅਰਥ ਹੈ ?
11. ਗਤ ਜਾ ਗੀਤ ਦੇ ਦੂਸਰੇ ਭਾਗ ਨੂੰ ਕੀ ਕਿਹਾ ਜਾਂਦਾ ਹੈ ?
12. ਗੀਤ ਜਾਂ ਗਤ ਦੇ ਪਹਿਲੇ ਭਾਗ ਨੂੰ ਕੀ ਕਹਿੰਦੇ ਹਨ ?
13. ਅੰਤਰੇ ਦੇ ਸਵਰਾਂ ਦੀ ਚਲਨ ਜ਼ਿਆਦਾ ਕਿਹੜੇ ਸਪਤਕ ਵਿਚ ਹੁੰਦੀ ਹੈ ?



Downloaded from https:// www.studiestoday.com

Downloaded from https:// www.studiestoday.com

14. ਅੰਤਰੇ ਦੇ ਕਿੰਨੇ ਭਾਗ ਹੁੰਦੇ ਹਨ ?

**ਅਧਿਆਪਕ ਲਈ —**

1. ਵਿਦਿਆਰਥੀਆਂ ਨੂੰ ਪਰਿਭਾਸ਼ਾਵਾਂ ਸਮਝਾ ਕੇ ਕਾਪੀ ਤੇ ਲਿਖਵਾ ਕੇ ਯਾਦ ਕਰਵਾਇਆ ਜਾਵੇ।
2. ਵਿਦਿਆਰਥੀਆਂ ਤੋਂ ਪਰਿਭਾਸ਼ਾਵਾਂ ਦਾ ਚਾਰਟ ਬਣਵਾਇਆਂ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ - 2

# ਥਾਟ- ਥਾਟ ਦੇ ਨਿਯਮ, ਭਾਤਖੰਡੇ ਜੀ ਦੇ ਦਸ ਥਾਟ

**ਥਾਟ** — ਭਾਰਤੀ ਸੰਗੀਤ ਵੱਖ–ਵੱਖ ਸਿਧਾਂਤਾਂ ਦੇ ਹੇਠ ਸਮੇਂ-ਸਮੇਂ ਸਿਰ ਵਰਗੀਕਰਨ ਹੁੰਦਾ ਰਿਹਾ ਜਿਵੇਂ- ਗ੍ਰਾਮ, ਮੂਰਛਨਾ, ਜਾਤੀ, ਰਾਗ ਰਾਗਨੀ ਵਰਗੀ ਕਰਨ ਤੇ ਥਾਟ ਰਾਗ ਵਰਗੀ ਕਰਨੀ। ਸੱਤ ਸੁਰਾ ਦਾ ਉਹ ਸਮੂਹ ਜਿਸ ਵਿੱਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਥਾਟ ਕਹਿੰਦੇ ਹਨ। ਥਾਟ ਨੂੰ ਕਵੀ ਗੁਣੀਜਨ ਮੇਲ ਵੀ ਕਹਿੰਦੇ ਹਨ। ਥਾਟ ਰਾਗ ਦਾ ਸਿਧਾਂਤ ਸਭ ਤੋਂ ਪਹਿਲਾਂ ਪੰ. ਵਿਅਕਟਮੁੱਖੀ ਜੀ ਨੇ ਕੀਤਾ ਜਿਸ ਵਿੱਚ ਉਹਨਾਂ ਨੇ ਗਣਿਤ ਦੇ ਆਧਾਰ ਤੇ ਇਹ ਸਿੱਧ ਕੀਤਾ ਕਿ ਸੰਗੀਤ ਦੇ 12 ਸੁਰਾਂ (ਸ਼ੁੱਧ, ਕੋਮਲ, ਤੀਵਰ) ਤੋਂ 72 ਥਾਟ ਉਤਪੰਨ ਹੋ ਸਕਦੇ ਹਨ। ਆਧੁਨਿਕ ਕਾਲ ਵਿੱਚ ਪੰ. ਭਾਤਖੰਡੇ ਜੀ ਨੇ ਰਾਗ ਰਾਗਨੀ ਪੱਧਤੀ ਨੂੰ ਨਕਾਰਦੇ ਹੋਏ ਉਹਨਾਂ ਨੇ ਇਹਨਾਂ 72 ਥਾਟਾਂ ਵਿੱਚੋਂ 10 ਥਾਟ ਲੈ ਕੇ ਉੱਤਰੀ ਸੰਗੀਤ ਪੱਦਤੀ ਦੇ ਸਾਰੇ ਰਾਗਾਂ ਦਾ ਵਰਗੀਕਰਣ ਇਹਨਾਂ ਥਾਟਾਂ ਦੇ ਸਿਧਾਂਤ ਤੇ ਕੀਤਾ। ਭਾਤਖੰਡੇ ਜੀ ਨੇ ਇਹਨਾਂ ਥਾਟਾਂ ਦੇ ਅੰਤਰਗਤ ਆਂਦੇ ਰਾਗਾਂ ਦੇ ਨਾਂ ਤੇ ਹੀ ਇਹਨਾਂ ਥਾਟਾਂ ਦਾ ਨਾਂ ਰੱਖਿਆ। ਇਹਨਾਂ ਥਾਟਾਂ ਵਿੱਚ ਸਵਰ ਕ੍ਰਮਵਾਰ ਪ੍ਰਯੋਗ ਕੀਤੇ ਗਏ। ਕਈ ਥਾਟ ਸਵਰ ਸਮੂਹ ਦੀ ਪਹਿਚਾਣ ਹਿੱਤ ਹੀ ਬਣਾਏ ਗਏ ਹਨ ਤੇ ਕਈ ਰਾਗ ਇਸ ਸਿਧਾਂਤ ਤੇ ਖਰੇ ਤੇ ਪੂਰੇ ਵੀ ਉਤਰੇ ਹਨ, ਕਿਉਂਕਿ ਜੋ ਸਵਰ ਉਸ ਰਾਗ ਵਿੱਚ ਵਰਤੇ ਗਏ ਸਵਰਾਂ ਦੇ ਆਧਾਰ ਤੇ ਉਹ ਇਹਨਾਂ 10 ਥਾਟਾਂ ਵਿੱਚੋਂ ਕਿਸੀ ਵੀ ਥਾਟ ਦੇ ਅੰਤਰਗਤ ਨਹੀਂ ਆਏ। ਕਈ ਸੰਗੀਤ ਸ਼ਾਸਤਰੀਆਂ ਨੇ ਉਹਨਾਂ ਦੇ ਸੁਰਾਂ ਦੇ ਲਗਾਵ ਜਾ ਵਾਦੀ-ਸੰਵਾਦੀ ਦੇ ਆਧਾਰ ਤੇ ਇਹਨਾਂ ਥਾਟਾਂ ਦੇ ਅੰਤਰਗਤ ਰਾਗਾਂ ਨੂੰ ਰੱਖਣਾ ਹੀ ਉੱਚਿਤ ਸਮਝਿਆ।

## ਥਾਟ ਦੇ ਨਿਯਮ

**ਥਾਟ ਦੇ ਹੇਠ ਲਿਖੇ ਨਿਯਮ ਹਨ—**

1. ਥਾਟ ਵਿੱਚ ਸੱਤ ਸਵਰਾ ਦਾ ਹੋਣਾ ਜ਼ਰੂਰੀ ਹੈ।
2. ਥਾਟ ਵਿੱਚ ਸਵਰ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ। ਜਿਵੇਂ- ਸਾ ਤੋਂ ਬਾਅਦ ਰੇ ਤੇ ਰੇ ਤੋਂ ਬਾਅਦ ਗ ਸਵਰ ਆਣਾ ਜ਼ਰੂਰੀ ਹੈ।
3. ਥਾਟ ਵਿੱਚ ਕੇਵਲ ਅਰੋਹ ਦਾ ਹੋਣਾ ਜ਼ਰੂਰੀ ਹੈ। ਕਿਉਂਕਿ ਰਾਗ ਵਿੱਚ ਲਗਣ ਵਾਲੇ ਸੁਰਾ ਤੇ ਥਾਟ ਦੀ ਅਰੋਹੀ ਤੋਂ ਹੀ ਥਾਟ ਦਾ ਨਾਮ ਜਾਣਿਆ ਜਾ ਸਕਦਾ ਹੈ।
4. ਥਾਟ ਦੀ ਪਹਿਚਾਣ ਲਈ ਉਸ ਵਿੱਚੋਂ ਉਤਪੰਨ ਹੋਏ ਕਿਸੇ ਰਾਗ ਦਾ ਨਾਂ ਦਿੱਤਾ ਜਾਂਦਾ ਹੈ। ਜਿਵੇਂ ਬਿਲਾਵਲ ਰਾਗ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਹੈ। ਇਸ ਲਈ ਉਸ ਥਾਟ ਦਾ ਨਾਂ ਬਿਲਾਵਲ ਥਾਟ ਰੱਖ ਦਿੱਤਾ ਗਿਆ।
5. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਲਈ ਇਸ ਵਿੱਚ ਰੰਜਕਤਾ ਦਾ ਹੋਣਾ ਜਰੂਰੀ ਨਹੀਂ।



Downloaded from https:// www.studiestoday.com

Downloaded from https:// www.studiestoday.com

6. ਇਕ ਥਾਟ ਤੋਂ ਕਈ ਰਾਗ ਉਤਪੰਨ ਕੀਤੇ ਜਾ ਸਕਦੇ ਹਨ।

7. ਥਾਟ ਤੋਂ ਰਾਗ ਦੀ ਉਤਪੱਤੀ ਕੀਤੀ ਜਾਂਦੀ ਹੈ।

8. ਥਾਟ ਵਿੱਚ ਸਵਰਾ ਦੇ ਰੂਪ ਕੋਮਲ ਅਤੇ ਤੀਬਰ ਕ੍ਰਮਵਾਰ ਆ ਸਕਦੇ ਹਨ।

ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ 10 ਥਾਟ ਹੇਠ ਲਿਖੇ ਹਨ—

1. **ਥਾਟ ਬਿਲਾਵਲ** — ਇਸ ਥਾਟ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ।ਜਿਵੇਂ ਸਾ ਰੇ ਗ ਮ ਪ ਧ ਨੀ।ਇਸ ਥਾਟ ਨੂੰ ਸ਼ੁੱਧ ਥਾਟ ਮੰਨਿਆ ਗਿਆ ਹੈ।ਇਸ ਥਾਟ ਦੇ ਅੰਤਰਗਤ ਰਾਗ ਬਿਲਾਵਲ, ਬਿਹਾਗ ਦੇਸ਼ਕਾਰ ਆਉਂਦੇ ਹਨ। ਇਸ ਦੇ ਰਾਗ ਤੇ ਹੀ ਇਸ ਦੇ ਥਾਟ ਦਾ ਨਾਂ ਬਿਲਾਵਲ ਪਿਆ।

2. **ਥਾਟ ਕਲਿਆਣ**— ਇਸ ਥਾਟ ਵਿੱਚ ਮ (ਮਧਯਮ) ਸਵਰ ਤੀਵਰ ਲੱਗਦਾ ਹੈ।ਜਿਵੇਂ ਸਾ ਰੇ ਗ ਮ ਪ ਧ ਨੀ।ਇਸ ਥਾਟ ਵਿੱਚ ਮ ਸਵਰ ਤੀਵਰ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ।ਇਸ ਥਾਟ ਦੇ ਮੁੱਖ ਰਾਗ ਹਨ :— ਯਮਨ, ਸ਼ੁੱਧ ਕਲਿਆਣ, ਭੁਪਾਲੀ।

3. **ਥਾਟ ਖਮਾਜ**— ਇਸ ਥਾਟ ਵਿੱਚ ਕੋਮਲ ਨੀ ਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ।ਜਿਵੇਂ ਸਾ ਰੇ ਗ ਮ ਪ ਧ <u>ਨੀ</u> ਇਸ ਥਾਟ ਦੇ ਪ੍ਰਸਿੱਧ ਰਾਗ ਹਨ ਖਮਾਜ, ਦੇਸ, ਤਿਲਕ ਕਮੋਦ, ਜੈ ਜੈਵੰਤੀ।

4. **ਥਾਟ ਕਾਫੀ**— ਇਸ ਥਾਟ ਵਿੱਚ ਗ ਤੇ ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ।ਜਿਵੇਂ ਸਾ ਰੇ <u>ਗ</u> ਮ ਧ <u>ਨੀ</u>।ਇਸ ਥਾਟ ਦੇ ਅੰਤਰਗਤ ਰਾਗ ਹਨ।ਕਾਫੀ, ਭੀਮਪਲਾਸੀ, ਵਰਿੰਦਾਬਨੀ ਸਾਰੰਗ, ਬਾਗੇਸ਼ਵਰੀ।

5. **ਥਾਟ ਭੈਰਵ**— ਇਸ ਥਾਟ ਵਿੱਚ ਰੇ, ਧ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ।ਜਿਵੇਂ ਸਾ <u>ਰੇ</u> ਗ ਮ ਧ <u>ਧ</u> ਨੀ।ਇਸ ਦੇ ਅੰਤਰਗਤ ਭੈਰਵ, ਰਾਮਕਲੀ, ਹਨ।

6. **ਥਾਟ ਪੁਰਵੀ**— ਇਸ ਥਾਟ ਵਿੱਚ ਰੇ, ਧ, ਸਵਰ ਕੋਮਲ ਮ ਸਵਰ ਤੀਵਰ ਲੱਗਦੇ ਹਨ ਜਿਵੇਂ ਸਾ <u>ਰੇ</u> ਗ ਮ ਪ <u>ਧ</u> ਨੀ।ਇਸ ਥਾਟ ਦੇ ਅੰਤਰਗਤ ਲਲਿਤ, ਪੁਰੀਆ, ਪੁਰਵੀ ਆਦਿ ਰਾਗ ਹਨ।

7. **ਥਾਟ ਮਾਰਵਾ**— ਇਸ ਥਾਟ ਵਿੱਚ ਰੇ ਸੁਰ ਕੋਮਲ ਮ ਸਵਰ ਤੀਵਰ ਲੱਗਦਾ ਹੈ।ਜਿਵੇਂ ਸਾ <u>ਰੇ</u> ਗ ਮ ਪ ਧ ਨੀ ਇਸ ਥਾਟ ਦੇ ਅੰਤਰਗਤ ਸੋਹਨੀ, ਮਾਰਵਾ ਰਾਗ ਆਉਂਦੇ ਹਨ।

8. **ਥਾਟ ਆਸਾਵਰੀ**— ਇਸ ਥਾਟ ਵਿੱਚ ਗ, ਧ, ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ।ਜਿਵੇ ਸਾ ਰੇ <u>ਗ</u> ਮ ਪ <u>ਧ</u> <u>ਨੀ</u> ਇਸ ਥਾਟ ਦੇ ਅੰਤਰਗਤ ਦਰਬਾਰੀ, ਅਾੜਾਨਾ, ਆਸਾਵਰੀ, ਜੋਨਪੁਰੀ ਰਾਗ ਆਉਂਦੇ ਹਨ।

9. **ਥਾਟ ਭੈਰਵੀ**— ਇਸ ਥਾਟ ਵਿੱਚ ਰੇ, ਗ, ਧ, ਨੀ ਸੁਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ।ਜਿਵੇਂ ਸਾ <u>ਰੇ</u> <u>ਗ</u> ਮ ਪ <u>ਧ</u> <u>ਨੀ</u> ਇਸ ਥਾਟ ਦੇ ਅੰਤਰਗਤ ਭੈਰਵੀ, ਮਾਲਕੌਸ ਰਾਗ ਆਉਂਦੇ ਹਨ।

10. **ਥਾਟ ਤੋੜੀ ਜਾਂ ਟੋਡੀ**— ਇਸ ਥਾਟ ਵਿੱਚ ਰੇ, ਗ, ਧ, ਨੀ ਸਵਰ ਕੋਮਲ ਤੇ ਮ ਸਵਰ ਤੀਵਰ ਲੱਗਦਾ ਹੈ। ਜਿਵੇਂ ਸਾ <u>ਰੇ</u> <u>ਗ</u> ਮ ਪ <u>ਧ</u> <u>ਨੀ</u>।ਇਸ ਥਾਟ ਦੇ ਅੰਤਰਗਤ ਤੋੜੀ, ਗੁਜਰੀ ਤੋੜੀ, ਮੁਲਤਾਨੀ ਰਾਗ ਆਉਂਦੇ ਹਨ।



Downloaded from https:// www.studiestoday.com

Downloaded from https:// www.studiestoday.com

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਸਤ ਸਵਰਾਂ ਦੇ ਕ੍ਰਮ ਅਨੁਸਾਰ ਸਮੂਹ ਨੂੰ ਕੀ ਕਿਹਾ ਜਾਂਦਾ।
2. ਭਾਰਤੀ ਸੰਗੀਤ ਵਿੱਚ ਕੁਲ ਕਿੰਨੇ ਥਾਟ ਹਨ ?
3. ਥਾਟਾਂ ਦੀ ਰਚਨਾ ਕਿਸ ਨੇ ਕੀਤੀ ?
4. ਕੀ ਥਾਟ ਵਿੱਚ ਆਰੋਹ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਹੈ ?
5. ਗਣਿਤ ਦੇ ਆਧਾਰ ਤੇ ਕੁੱਲ ਕਿਨ੍ਹੇ ਥਾਟ ਬਣਦੇ ਹਨ ?
6. ਕੀ ਥਾਟ ਗਾਏ ਵਜਾਏ ਜਾਂਦੇ ਹਨ ?
7. ਸ਼ੁਧ ਸੁਰਾਂ ਵਾਲੇ ਥਾਟ ਦਾ ਨਾਂ ਦੱਸੋ ?
8. ਰੇ ਧੁ ਸਵਰ ਵਾਲੇ ਥਾਟ ਦਾ ਨਾਂ ਕੀ ਹੈ ?

**ਅਧਿਆਪਕ ਲਈ —**

ਥਾਟਾਂ ਦਾ ਚਾਰਟ ਬਣਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ - 3

# ਤੋੜਾ-ਬਰਾਬਰ ਦਾ ਤੋੜਾ, ਦੁਗਣ ਦਾ ਤੋੜਾ

ਸੰਗੀਤ ਵਾਦਨ ਵਿੱਚ ਜਦੋਂ ਅਸੀਂ ਰਾਗ ਦੇ ਵਿਸ਼ੇਸ਼ ਸਵਰ ਸਮੂਹ ਨੂੰ ਰਾਗ ਦੀ ਗਤ ਵਜਾਉਣ ਤੋਂ ਬਾਅਦ ਵਜਾਂਦੇ ਹਾਂ ਉਸ ਨੂੰ ਤੋੜਾ ਕਹਿੰਦੇ ਹਨ। ਤੋੜੇ ਵਿੱਚ ਰਾਗ ਦੀ ਝਲਕ ਦਿਖਦੀ ਰਹਿੰਦੀ ਹੈ। ਤੋੜਿਆਂ ਦਾ ਪ੍ਰਯੋਗ ਅਸੀਂ ਜੋੜ ਅਲਾਪ ਵਿੱਚ ਵੀ ਕਰਕੇ ਹੈ ਇਸ ਵਿੱਚ ਅਲਪ ਦੀ ਗਤੀ ਦਰੁੱਤ ਕਰਕੇ ਬਰਾਬਰ ਦੇ ਛੋਟੇ-ਛੋਟੇ ਸਮੂਹ ਵਾਲੇ ਤੋੜੇ ਵਜਾਏ ਜਾਂਦੇ ਹਨ ਅਤੇ ਰਾਗ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਹੜਾ ਰਾਗ ਵਜਾਇਆ ਜਾ ਰਿਹਾ ਹੈ। ਤੋੜੇ ਤਾਲ ਦੀ ਕਿਸੀ ਵੀ ਮਾਤਰਾ (ਨਿਸ਼ਚਿਤ ਸਥਾਨ) ਤੋਂ ਸ਼ੁਰੂ ਹੁੰਦੇ ਹਨ ਅਤੇ ਕਿਸੀ ਨਿਸ਼ਚਿਤ ਸਥਾਨ ਤੇ ਆ ਕੇ ਖ਼ਤਮ ਕੀਤੇ ਜਾਂਦੇ ਹਨ। ਫੇਰ ਉੱਥੋਂ ਗਤ ਦੇ ਬੋਲ ਸ਼ੁਰੂ ਹੋ ਜਾਂਦੇ ਹਨ। ਤੋੜੇ ਹਮੇਸ਼ਾ ਐਸੀ ਮਾਤਰਾ ਤੋਂ ਸ਼ੁਰੂ ਕਰਨੇ ਚਾਹੀਦੇ ਹਨ ਤਾਂ ਜੋ ਤੋੜਾ ਜਿਸ ਮਾਤਰਾ ਤੇ ਖਤਮ ਕੀਤਾ ਜਾਵੇ ਉੱਥੋਂ ਗਾਤ ਦਾ ਮੁਖੜਾ ਆਸਾਨੀ ਨਾਲ ਪਕੜਿਆ ਜਾਵੇ ਵੈਸੇ ਤਾਂ ਜ਼ਿਆਦਾਤਰ ਸਮ ਤੋਂ ਹੀ ਮੁਖੜਾ ਫੜਿਆ ਜਾਂਦਾ ਹੈ। ਤੋੜੇ ਇੱਕ ਆਵਰਤਨ ਤੋਂ ਲੈ ਕੇ ਕਈ-ਕਈ ਆਵਰਤਨਾਂ ਦੇ ਹੋ ਸਕਦੇ ਹਨ। ਰਾਗ ਵਿੱਚ ਤੋੜੇ ਅੱਠ ਮਾਤਰਾ, ਸੋਲਾ ਮਾਤਰਾ, ਚੌਵੀਂ ਮਾਤਰਾ, ਬੱਤੀ ਮਾਤਰਾ ਜਾਂ ਇਸ ਤੋਂ ਵੱਧ ਮਾਤਰਾਵਾਂ ਦੇ ਤੋੜੇ ਵੀ ਵਜਾਏ ਜਾਂਦੇ ਹਨ। ਕਈ ਤੋੜਿਆਂ ਦੇ ਅੰਤ ਵਿੱਚ ਤਿਹਾਈ ਵਜਾਈ ਜਾਂਦੀ ਹੈ। ਤੋੜਿਆਂ ਦੀ ਸਹਾਇਤਾ ਨਾਲ ਗਤ ਕਾਫੀ ਸਮੇਂ ਤੱਕ ਵਜਾਈ ਜਾ ਸਕਦੀ ਹੈ।

1. **ਬਰਾਬਰ ਦਾ ਤੋੜਾ**— ਇਸ ਵਿੱਚ ਜਿਸ ਲੈਅ ਵਿੱਚ ਰਾਗ ਦੀ ਗਤ ਵਜ ਰਹੀ ਹੁੰਦੀ ਹੈ, ਉਸ ਦੀ ਬਰਾਬਰ ਲੈਅ ਵਿੱਚ ਤੋੜਾ ਵਜਾਇਆ ਜਾਂਦਾ ਹੈ। ਉਸ ਨੂੰ ਬਰਾਬਰ ਦਾ ਤੋੜਾ ਇਹਨਾਂ ਤੋੜਿਆ ਵਿੱਚ ਵੱਖ-ਵੱਖ ਲੈਅਕਾਰੀਆਂ ਵਿਖਾ ਕੇ ਅੰਤ ਵਿੱਚ ਤਿਹਾਈ ਵਜਾਈ ਜਾਂਦੀ ਹੈ।

2. **ਦੁਗਣ ਦਾ ਤੋੜਾ**— ਜਦੋਂ ਗਾਤ ਦੀ ਗਤੀ ਦਰੁੱਤ ਲੈਅ ਵਿੱਚ ਲਿਜਾ ਕੇ ਦੁਰੱਤ ਲੈਅ ਵਿੱਚ ਤੋੜੇ ਵਜਾਏ ਜਾਂਦੇ ਹਨ ਤਾਂ ਉਸ ਨੂੰ ਦੁਗਨ ਦਾ ਤੋੜਾ ਕਹਿੰਦੇ ਹਨ ਜਾਂ ਜਿਸ ਲੈਅ ਵਿੱਚ ਗਤ ਵਜਾਈ ਜਾ ਰਹੀ ਹੈ ਉਸ ਤੋਂ ਦੁਗਨ ਲੈਅਕਾਰੀ ਵਿੱਚ ਜਦੋਂ ਤੋੜਾ ਵਜਾਇਆ ਜਾਂਦਾ ਹੈ ਤਾਂ ਉਸ ਨੂੰ ਦੁਗਨ ਦਾ ਤੋੜਾ ਕਿਹਾ ਜਾਂਦਾ ਹੈ। ਦੁਗਣ ਦਾ ਅਰਥ ਹੈ ਦੁਗਨਾ ਅਰਥਾਤ ਇੱਕ ਮਾਤਰਾ ਤੇ ਦੋ ਸਵਰਾਂ ਨੂੰ ਸਮਾਨ ਚਾਲ ਨਾਲ ਵਜਾਉਣਾ।



Downloaded from https:// www.studiestoday.com

Downloaded from https:// www.studiestoday.com

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਤੋੜੇ ਤੋਂ ਕੀ ਭਾਵ ਹੈ ?
2. ਤੋੜਿਆਂ ਵਿੱਚ ਕਿਸ ਦੀ ਝਲਕ ਦਿਖਾਈ ਦਿੰਦੀ ਹੈ ?
3. ਜੋੜ ਆਲਾਪ ਵਿੱਚ ਕਿਹੋ ਜਿਹੇ ਤੋੜੇ ਪ੍ਰਯੋਗ ਕੀਤੇ ਜਾਂਦੇ ਹਨ ?
4. ਤੋੜੇ ਹਮੇਸ਼ਾ ਕਿਥੋਂ ਸ਼ੁਰੂ ਕਰਨੇ ਚਾਹੀਦੇ ਹਨ ?
5. ਤੋੜੇ ਕਿੰਨੀ ਕਿੰਨੀ ਮਾਤਰਾਂ ਦੇ ਹੋ ਸਕਦੇ ਹਨ ?
6. ਗਤ ਦੇ ਬਰਾਬਰ ਲੈਅ ਵਿੱਚ ਵੱਜਣ ਵਾਲੇ ਤੋੜੇ ਨੂੰ ਕੀ ਕਿਹਾ ਜਾਂਦਾ ਹੈ ?
7. ਬਰਾਬਰ ਦੇ ਤੋੜੇ ਵਿੱਚ ਅੰਤ ਵਿੱਚ ਕੀ ਦਿਖਾਈ ਜਾਂਦੀ ਹੈ ?
8. ਦੁਗਣ ਦੇ ਤੋੜੇ ਕਿਸ ਲੈਅ ਵਿੱਚ ਵਜਦੇ ਹਨ ?

**ਅਧਿਆਪਕ ਲਈ —**

1. **ਸਿਤਾਰ ਤੇ ਵਿਦਿਆਰਥੀਆਂ ਨੂੰ ਤੋੜੇ ਵਜਾ ਕੇ ਦਿਖਾਉਣ ਅਤੇ ਉਨ੍ਹਾਂ ਨੂੰ ਵੀ ਤੋੜਿਆ ਦਾ ਅਭਿਆਸ ਕਰਵਾਉਣ।**



Downloaded from https:// www.studiestoday.com

Downloaded from https:// www.studiestoday.com

# ਸਿਤਾਰ






Downloaded from https:// www.studiestoday.com

Downloaded from https:// www.studiestoday.com

## ਪਾਠ - 4

# ਸੰਗੀਤ ਦਾ ਸਾਜ - ਸਿਤਾਰ, ਇਤਿਹਾਸ, ਅੰਗ ਵਰਣਨ

### ਇਤਿਹਾਸ

ਭਾਰਤੀ ਸੰਗੀਤ ਵਿੱਚ ਸਿਤਾਰ ਇੱਕ ਬਹੁਤ ਹੀ ਲੋਕਪ੍ਰਿਅ ਤੰਤ੍ਰੀ ਵਾਦਅ (ਸਾਜ਼) ਹੈ ਜਿਸ ਦਾ ਪ੍ਰਚਾਰ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ। ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇਸਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।

ਸਿਤਾਰ ਦਾ ਇਤਿਹਾਸ ਸਿਰਫ 250-300 ਮੰਨਿਆ ਜਾਂਦਾ ਹੈ। ਆਪਣੇ ਜਨਮ ਤੋਂ ਹੁਣ ਤੱਕ ਸਿਤਾਰ ਨੇ ਬਹੁਤ ਲੋਕਪ੍ਰਿਅਤਾ ਹਾਸਿਲ ਕਿੱਤੀ ਹੈ। ਇਹ ਕਹਿਣਾ ਬਿਲਕੁਲ ਠੀਕ ਹੀ ਹੋਵੇਗਾ ਕਿ ਤੰਤ੍ਰੀ ਵਾਦਆਂ ਵਿੱਚੋਂ ਸਿਤਾਰ ਨੇ ਸਭ ਤੋਂ ਵੱਧ ਲੋਕਪ੍ਰਿਅਤਾ ਪਾਈ ਹੈ।

ਸਿਤਾਰ ਦੇ ਆਵਿਸ਼ਕਾਰ ਦੇ ਵਿਸ਼ੇ ਵਿੱਚ ਕਈ ਵਿਦਵਾਨਾਂ ਦੇ ਮਤ ਹੈ ਕਿ ਇਸ ਦਾ ਆਵਿਸ਼ਕਾਰ 14ਵੀਂ ਸਦੀ ਦੇ ਪ੍ਰਸਿੱਧ ਸੰਗੀਤਕਾਰ ਅਮੀਰ ਖੁਸਰੋ ਨੇ 1253-1325 ਈ. ਵਿੱਚ ਕੀਤਾ। ਇਹਨਾਂ ਨੇ ਪ੍ਰਾਚੀਨ ਵੀਣਾ ਅਤੇ ਤਾਨਪੁਰੇ ਦੇ ਆਧਾਰ ਤੇ ਤਿੰਨਾ ਤਾਰਾਂ ਵਾਲਾ ਇੱਕ ਨਵੀਨ ਵਾਦਅ ਦਾ ਨਿਰਮਾਣ ਕੀਤਾ। ਜਿਸ ਦਾ ਨਾਂ 'ਸੇਹਤਾਰ' ਰੱਖਿਆ। ਸੇਹਤਾਰ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਤਿੰਨ ਤਾਰਾਂ ਵਾਲਾ ਵਾਦਅ (ਸਾਜ਼)। ਹੌਲੀ-ਹੌਲੀ ਤਾਰਾਂ ਦੀ ਸੰਖਿਆ ਵਿੱਚ ਵਾਧਾ ਹੁੰਦਾ ਗਿਆ।

ਆਚਾਰਿਆ ਬ੍ਰਹਸਪਤੀ ਅਤੇ ਹੋਰ ਅਨੇਕਾਂ ਵਿਦਵਾਨਾਂ ਦਾ ਮਤ ਹੈ ਕਿ ਸਿਤਾਰ ਦਾ ਅਵਿਸ਼ਕਾਰ ਸਦਾ ਰੰਗ ਦੇ ਭਾਈ ਖੁਸਰੋ ਖਾਂ ਨੇ ਕੀਤਾ। ਖੁਸਰੋ ਖਾਂ ਅਤੇ ਸਦਾਰੰਗ, ਤਾਨਸੇਨ ਦੇ ਦਮਾਦ ਸ਼ਿਸ਼ਰੀ ਸਿੰਘ ਦੇ ਵੰਸ਼ਜਾਂ ਵਿੱਚੋਂ ਹਨ। ਇਸ ਲਈ ਸ਼ਾਇਦ ਖੁਸਰੋ ਖਾਂ ਅਤੇ ਅਮੀਰ ਖੁਸਰੋ ਦੇ ਨਾਮ ਦੀ ਸਮਾਨਤਾ ਹੋਣ ਕਾਰਨ ਇਸ ਦਾ ਸੇਹਰਾ ਅਮੀਰ ਖੁਸਰੋ ਨੂੰ ਦਿੱਤਾ ਜਾਂਦਾ ਰਿਹਾ ਹੈ। ਪਰ ਹੁਣ ਵਿਦਵਾਨਾਂ ਦੇ ਅਨੁਸਾਰ ਸਿਤਾਰ ਦਾ ਅਵਿਸ਼ਕਾਰਕ ਖੁਸਰੋ ਖਾਂ ਨੂੰ ਮੰਨਿਆ ਜਾਂਦਾ ਹੈ।

ਖੁਸਰੋ ਖਾਂ ਦੇ ਪੋਤੇ ਫਿਰੋਜ਼ ਖਾਂ, ਸਦਾਰੰਗ ਦੇ ਪੁੱਤਰ ਉਸਤਾਦ ਮਸੀਤ ਥਾਂ ਨੇ ਵਿਲੰਬਿਤ ਲੈਅ ਨੂੰ ਬਣਾਇਆ ਅਤੇ ਪ੍ਰਧਾਨਤਾ ਦਿਲਵਾਈ। ਮਸੀਤ ਖਾਂ ਦੇ ਸ਼ਿਸ਼ ਮੁਹੰਮਦ ਰਜ਼ਾ ਖਾਂ ਨੇ ਦ੍ਰੁਤ ਲੈਅ ਬਣਾਈ ਜਿਹੜੀ ਰਜ਼ਾਖਾਨੀ ਗਤ ਨਾਲ ਜਾਣੀ ਜਾਂਦੀ ਹੈ।

ਸਿਤਾਰ ਦੇ ਵਾਦਨ ਵਿੱਚ ਪਰੰਪਰਾਗਤ ਦੋ ਤਰ੍ਹਾਂ ਦੀਆਂ ਸ਼ੈਲੀਆਂ (ਬਾਜ) ਪ੍ਰਚਲਿਤ ਹਨ। ਇੱਕ ਮਸੀਤਖਾਨੀ ਬਾਜ ਜਿਸ ਨੂੰ ਦਿੱਲੀ ਬਾਜ ਜਾਂ ਵਿਲੰਬਿਤ ਗਤ ਦੀ ਲੈਅ ਕਹਿੰਦੇ ਹਨ। ਦੂਜੀ ਰਜਾਖਾਨੀ ਬਾਜ ਜਿਸ ਨੂੰ ਲਖਨਊ ਜਾਂ ਪੂਰਵੀ ਰਾਜ ਜਾਂ ਦਰੂਤ ਗਤ ਦੀ ਲੈਅ ਕਹਿੰਦੇ ਹਨ। ਭਗਤਰੀ ਭੀਰ ਪ੍ਰਕਿਰਤੀ ਦੀ ਹੁੰਦੀ ਹੈ। ਇਸ ਬਾਜ ਵਿੱਚ 'ਦਾ' ਗ ਦਿਰ ਬੋਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਦਰੂਤ ਗਤ ਜਿਸ ਨੂੰ ਪੂਰਵੀ ਬਾਜ ਜਾਂ ਰਜਾਖਾਨੀ ਬਾਜ ਦੇ ਨਾਲ ਲਖਨਵੀਂ ਬਾਜ ਵੀ ਕਹਿੰਦੇ ਹਨ। ਇਹ



Downloaded from https:// www.studiestoday.com

Downloaded from https:// www.studiestoday.com

ਜ਼ਿਆਦਾ ਰੋਚਕ ਅਤੇ ਸੁੰਦਰ ਹੁੰਦੀ ਹੈ।ਇਸ ਦੀ ਪ੍ਰਕਿਰਤੀ ਚੰਚਲ ਹੁੰਦੀ ਹੈ।

ਇਸ ਦੇ ਬੋਲ ਦਾ ਦਿਰ, ਦਾਰਾ, ਦਾ ਹਨ।

**ਅੰਗ ਵਰਣਨ—**

1. **ਤੂੰਬਾ—** ਸਿਤਾਰ ਦੇ ਹੇਠਲੇ ਭਾਗ ਵਿੱਚ ਲੌਕੀ ਜਾਂ ਕੱਦੂ ਦਾ ਗੋਲਾਕਾਰ ਭਾਗ ਜਿਹੜਾ ਅੰਦਰੋਂ ਖੋਖਲਾ ਹੁੰਦਾ ਹੈ। ਡਾਂਡ ਦੇ ਨਾਲ ਜੁੜਿਆ ਹੁੰਦਾ ਹੈ। ਇਸ ਨੂੰ ਤੂੰਬਾ ਕਹਿੰਦੇ ਹਨ। ਸਿਤਾਰ ਦੇ ਤਾਰਾਂ ਦੀ ਗੂੰਜ ਇਸੇ ਕਾਰਣ ਹੁੰਦੀ ਹੈ।

2. **ਤਬਲੀ—** ਲਕੜੀ ਦਾ ਉਹ ਭਾਗ, ਜਿਸ ਨਾਲ ਢੱਕਣ ਵਾਂਗ ਤੂੰਬੇ ਨੂੰ ਢੱਕਿਆ ਜਾਂਦਾ ਹੈ, ਉਹ ਤਬਲੀ ਕਹਾਉਂਦਾ ਹੈ।ਤਬਲੀ ਦੇ ਉਪਰਲੇ ਭਾਗ ਵਿੱਚ ਬ੍ਰਿਜ ਜਾਂ ਘੁੜਚ ਰੱਖਿਆ ਜਾਂਦਾ ਹੈ।

3. **ਬ੍ਰਿਜ—** ਇਸ ਨੂੰ ਘੁੜਚ ਜਾਂ ਘੋੜੀ ਕਹਿੰਦੇ ਹਨ। ਇਹ ਤਬਲੀ ਦੇ ਉੱਪਰ ਰੱਖਿਆ ਹੁੰਦਾ ਹੈ। ਜਿਸ ਦੇ ਉੱਪਰ ਤਾਰ ਰੱਖੇ ਹੁੰਦੇ ਹਨ।ਇਹ ਲਕੜੀ ਜਾਂ ਹਾਥੀ ਦੰਦ ਦੀ ਬਣੀ ਛੋਟੀ ਚੌਂਕੀ ਦੇ ਆਕਾਰ ਦੀ ਹੁੰਦੀ ਹੈ।

4. **ਡਾਂਡ—** ਤੂੰਬੇ ਨਾਲ ਜੁੜਿਆ, ਸਿਤਾਰ ਦਾ ਲੰਬਾ ਭਾਗ ਡਾਂਡ ਕਹਿਲਾਉਂਦਾ ਹੈ। ਇਹ ਲੱਕੜੀ ਦਾ ਬਣਿਆ ਹੁੰਦਾ ਹੈ ਅਤੇ ਅੰਦਰੋਂ ਖੋਖਲਾ ਹੁੰਦਾ ਹੈ। ਡਾਂਡ ਦੇ ਉੱਪਰ ਹੀ ਸਿਤਾਰ ਦੇ ਪਰਦੇ ਬੰਨੇ ਜਾਂਦੇ ਹਨ। ਇੱਕ ਸਿਰੇ ਤੇ ਖੂੰਟੀਆਂ ਲੱਗੀਆਂ ਹੁੰਦੀਆਂ ਹਨ।

5. **ਗੁਲੂ—** ਤੂੰਬੇ ਅਤੇ ਡਾਂਡ ਦੇ ਜੋੜਨ ਵਾਲੇ ਸਥਾਨ ਨੂੰ ਗੁਲੂ ਕਹਿੰਦੇ ਹਨ।

6. **ਲੰਗੋਟ —** ਤੂੰਬੇ ਦੇ ਹੇਠਲੇ ਭਾਗ ਵਿੱਚ ਤਾਰਾਂ ਨੂੰ ਬੰਨਣ ਲਈ ਇੱਕ ਕਿਲ ਜਾਂ ਤਿਕੋਨੀ ਪੱਟੀ ਹੁੰਦੀ ਹੈ। ਜਿਸ ਨੂੰ ਕਿਲ, ਲੰਗੋਟ ਜਾਂ ਮੋਗਰਾ ਕਹਿੰਦੇ ਹਨ।

7. **ਅੱਟੀ—** ਸਿਤਾਰ ਦੀ ਡਾਂਡ ਦੇ ਉਪਰ ਵਾਲੇ ਪਾਸੇ ਹੱਡੀ ਦੀ ਬਣੀ ਹੋਈ ਇੱਕ ਪੱਟੀ ਹੁੰਦੀ ਹੈ। ਇਸ ਉੱਪਰੋਂ ਤਾਰ ਅਟਕ ਕੇ ਖੂੰਟੀਆਂ ਨਾਲ ਬੰਨੇ ਜਾਂਦੇ ਹਨ।ਇਸ ਲਈ ਇਸ ਨੂੰ ਅੱਟੀ ਕਿਹਾ ਜਾਂਦਾ ਹੈ।

8. **ਤਾਰ ਗਹਿਨ—** ਤਾਰ ਗਹਿਨ ਨੂੰ ਤਾਰਦਾਨ ਵੀ ਕਿਹਾ ਜਾਂਦਾ ਹੈ।ਅੱਟੀ ਦੇ ਨਾਲ ਹੀ ਇੱਕ ਪੱਟੀ ਹੁੰਦੀ ਹੈ। ਇਸ ਵਿੱਚ ਸੁਰਾਖ ਹੁੰਦੇ ਹਨ।ਅੱਟੀ ਦੇ ਉੱਪਰ ਤਾਰ ਅਟ ਕੇ ਹੁੰਦੇ ਹਨ ਅਤੇ ਤਾਰ ਗਹਿਨ ਦੇ ਸੁਰਾਖਾਂ ਵਿੱਚੋਂ ਲੰਘ ਕੇ ਖੂੰਟੀਆਂ ਨਾਲ ਕਸੇ ਜਾਂਦੇ ਹਨ।

9. **ਖੂੰਟੀਆਂ—** ਸਿਤਾਰ ਦੀਆਂ ਸਾਰੀਆਂ ਤਾਰਾਂ ਨੂੰ ਕੱਸਨ ਲਈ ਸਿਤਾਰ ਦੀ ਡਾਂਡ ਤੇ ਸਤ ਵੱਡੀਆਂ ਖੂੰਟੀਆਂ ਲਗਾਇਆਂ ਹੁੰਦੀਆਂ ਹਨ।ਜਿਨਾਂ ਨਾਲ ਤਾਰ ਕਸੇ ਹੁੰਦੇ ਹਨ।ਇਹਨਾਂ ਸਤ ਮੁੱਖ ਖੂੰਟੀਆਂ ਤੋਂ ਇਲਾਵਾ 13 ਜਾਂ 14 ਛੋਟੀਆਂ-ਛੋਟੀਆਂ ਖੂੰਟੀਆਂ ਵੀ ਲੱਗਿਆਂ ਹੁੰਦੀਆਂ ਹਨ। ਇਹਨਾਂ ਨਾਲ ਤਰਬ ਦੀਆਂ ਤਾਰਾਂ ਨੂੰ ਕੱਸਿਆ ਜਾਂਦਾ ਹੈ।

10. **ਮਣਕਾ—** ਸਿਤਾਰ ਦੇ ਪਹਿਲੇ ਤਾਰ ਜਿਸ ਨੂੰ ਬਾਜ ਦਾ ਤਾਰ ਕਹਿੰਦੇ ਹਨ।ਉਸ ਵਿੱਚ ਹਾਥੀ ਦੰਦ ਦੀ ਬਣੀ ਚਿੜੀ, ਮੋਰ, ਬਤੱਖ ਆਦਿ ਸ਼ਕਲ ਦਾ ਮੋਤੀ ਪਿਰੋਇਆ ਹੁੰਦਾ ਹੈ।ਜਿਸ ਨੂੰ ਥੋੜਾ ਉੱਪਰ ਜਾਂ ਹੇਠਾਂ ਖਿਸਕਾ ਕੇ ਸਵਰ ਨੂੰ ਚੜ੍ਹਾਇਆ ਜਾਂ ਉਤਾਰਿਆ ਜਾਂਦਾ ਹੈ। ਇਸੇ ਤਰ੍ਹਾਂ ਦਾ ਮੋਤੀ ਦੂਜੇ ਅਤੇ ਤੀਜੇ ਤਾਰ (ਜੋੜੀ ਦੇ ਤਾਰ)



Downloaded from https:// www.studiestoday.com

Downloaded from https:// www.studiestoday.com

ਵਿੱਚ ਲਗਾਇਆ ਜਾਂਦਾ ਹੈ।

11. **ਪਰਦਾ**— ਸਿਤਾਰ ਦੀ ਡਾਂਡ ਦੇ ਉੱਪਰ ਪਿੱਤਲ ਜਾਂ ਲੋਹੇ ਦੇ ਟੁਕੜੇ ਜਿਹੜੇ ਕੁੱਝ ਮੁੜੇ ਹੁੰਦੇ ਹਨ।ਇਹ ਡਾਂਡ ਉੱਪਰ ਤੰਦ ਜਾਂ ਤਾਤ ਦੀ ਡੋਰੀ ਨਾਲ ਬੰਨੇ ਹੁੰਦੇ ਹਨ।ਇਹਨਾਂ ਨੂੰ ਪਰਦੇ ਕਿਹਾ ਜਾਂਦਾ ਹੈ।ਇਹ ਪਰਦੇ 18 ਤੋਂ 20 ਤੱਕ ਦੀ ਗਿਣਤੀ ਦੇ ਹੁੰਦੇ ਹਨ।ਇਹ ਸਵਰਾਂ ਦੀ ਜਗ੍ਹਾ ਨਿਸ਼ਚਿਤ ਕਰਨ ਲਈ ਲਗਾਏ ਜਾਂਦੇ ਹਨ। ਇਹਨਾਂ ਨੂੰ ਖੱਬੇ ਹੱਥ ਦੀਆਂ ਉਂਗਲਿਆਂ ਨਾਲ ਦਬਾ ਕੇ ਸੱਜੇ ਹੱਥ ਦੀ ਉਂਗਲੀ ਵਿੱਚ ਮਿਜਰਾਬ ਪਾ ਕੇ ਚੋਟ ਜਾਂ ਆਘਾਤ ਕਰਨ ਨਾਲ ਸਵਰ ਪੈਦਾ ਕੀਤੇ ਜਾਂਦੇ ਹਨ।

12. **ਮਿਜ਼ਰਾਬ**— ਲੋਹੇ ਦੀ ਬਣੀ ਤਾਰ ਜਿਸ ਨੂੰ ਤਿਕੋਨਾ ਆਕਾਰ ਦਿੱਤਾ ਜਾਂਦਾ ਹੈ।ਮਿਜ਼ਰਾਬ ਕਹਾਉਂਦੀ ਹੈ। ਇਸ ਨੂੰ ਸੱਜੇ ਹੱਥ ਦੀ ਤਰਜਨੀ ਉਂਗਲੀ ਵਿੱਚ ਪਹਿਨ ਕੇ ਤਾਰਾਂ ਦੇ ਪ੍ਰਹਾਰ ਕੀਤਾ ਜਾਂਦਾ ਹੈ।ਸਿਤਾਰ ਦੇ ਤਾਰ ਅਤੇ ਇਸ ਨੂੰ ਮਿਲਾਣ ਦਾ ਢੰਗ—

(ੳ) **ਪਹਿਲਾ ਤਾਰ**— ਸਿਤਾਰ ਦਾ ਪਹਿਲਾ ਤਾਰ ਲੋਹੇ ਦਾ ਹੁੰਦਾ ਹੈ। ਇਹ ਮੁਖ ਤਾਰ ਬਾਜ ਦਾ ਤਾਰ ਕਹਿਲਾਉਂਦਾ ਹੈ।ਇਸ ਤਾਰ ਨੂੰ ਮੰਦਰ-ਸਪਤਕ 'ਮ' (ਮੱਧਮ) ਸਵਰ ਨਾਲ ਮਿਲਾਇਆ ਜਾਂਦਾ ਹੈ।

(ਅ) **ਦੂਜਾ ਅਤੇ ਤੀਜਾ ਤਾਰ**— ਦੂਸਰਾ ਅਤੇ ਤੀਸਰਾ ਤਾਰ ਪਿੱਤਲ ਜਾਂ ਤਾਂਬੇ ਦਾ ਹੁੰਦਾ ਹੈ। ਇਹ ਦੋਵੇਂ ਇੱਕੋ-ਜਿਹੇ ਹੁੰਦੇ ਹਨ।ਇਹਨਾਂ ਨੂੰ ਜੋੜੀ ਜਾਂ ਸ਼ੜਜ ਦਾ ਤਾਰ ਕਹਿੰਦੇ ਹਨ।ਇਹਨਾਂ ਨੂੰ ਮੰਦਰ ਸਪਤਕ ਦੇ ਸ਼ੜਜ 'ਸ' ਨਾਲ ਮਿਲਾਉਂਦੇ ਹਨ।

3. **ਚੌਥਾ ਤਾਰ**— ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਇਸ ਦੀ ਮੋਟਾਈ ਜੋੜੀ ਦੇ ਤਾਰ ਤੋਂ ਜ਼ਿਆਦਾ ਅਤੇ ਅਤੀ ਮੰਦਰ ਸਪਤਕ ਦੇ ਪੰਚਮ ਨਾਲ ਮਿਲਾਇਆ ਜਾਂਦਾ ਹੈ।ਇਸ ਨੂੰ 'ਲਰਜ ਦਾ ਤਾਰ' ਵੀ ਕਹਿੰਦੇ ਹਨ।

**ਪੰਜਵਾਂ ਤਾਰ**— ਪੰਜਵਾਂ ਤਾਰ ਬਾਜ ਦੀ ਤਾਰ ਵਾਂਗ ਲੋਹੇ ਜਾਂ ਸਟੀਲ ਦਾ ਹੁੰਦਾ ਹੈ ਅਤੇ ਮੰਦ੍ਰ ਪੰਚਮ ਨਾਲ 'ਪ' ਨਾਲ ਮਿਲਾਇਆ ਜਾਂਦਾ ਹੈ।ਜਿਨਾਂ ਰਾਗਾਂ ਵਿੱਚ ਪੰਚਮ ਸਵਰ ਨਹੀਂ ਲੱਗਦਾ ਹੋਵੇ।ਉਨ੍ਹਾਂ ਵਿੱਚ ਇਹ ਦੋਵੇ ਤਾਂ ਮੱਧਮ 'ਮ' ਸਵਰ ਨਾਲ ਮਿਲਾ ਲਏ ਜਾਂਦੇ ਹਨ।

**ਛੇਵਾਂ ਅਤੇ ਸੱਤਵਾਂ ਤਾਰ**— ਛੇਵਾਂ ਅਤੇ ਸੱਤਵਾਂ ਤਾਰ ਲੋਹੇ ਦਾ ਹੁੰਦਾ ਹੈ।ਇਹਨਾਂ ਤਾਰਾਂ ਦੀ ਮੋਟਾਈ ਬਾਕੀ ਤਾਰਾਂ ਨਾਲੋਂ ਬਹੁਤ ਘੱਟ ਹੁੰਦੀ ਹੈ।ਇਹ ਚਿਕ ਦੇ ਤਾਰ ਹੁੰਦੇ ਹਨ।ਛੇਵਾਂ ਤਾਰ ਮੱਧ ਸਪਤਕ ਦੇ 'ਸ' ਨਾਲ ਅਤੇ ਸੱਤਵਾਂ ਤਾਰ ਸਪਤਕ ਦੇ 'ਸੰ' ਨਾਲ ਮਿਲਾਇਆ ਜਾਂਦਾ ਹੈ। ਇਸ ਨੂੰ ਪਪੀਹੇ ਦਾ ਤਾਰ ਵੀ ਕਹਿੰਦੇ ਹਨ।

**ਤਰਬ ਦੇ ਤਾਰ**— ਸਿਤਾਰ ਦੀਆਂ ਮੁੱਖ ਸੱਤ ਤਾਰਾਂ ਦੇ ਹੇਠਾਂ ਕੁੱਝ ਹੋਰ ਤਾਰ ਹੁੰਦੇ ਹਨ। ਜਿਨ੍ਹਾਂ ਨੂੰ ਤਰਬ ਦੀਆਂ ਤਾਰਾਂ ਕਹਿੰਦੇ ਹਨ। ਇਹ ਤਾਰ ਭਿੰਨ-ਭਿੰਨ ਸਵਰਾਂ ਨਾਲ ਮਿਲਾਏ ਜਾਂਦੇ ਹਨ। ਇਨ੍ਹਾਂ ਤਾਰਾਂ ਨੂੰ ਮਿਲਾਇਆ ਨਹੀਂ ਜਾਂਦਾ।ਸਗੋਂ ਵਜਾਉਂਦੇ ਸਮੇਂ ਇਨ੍ਹਾਂ ਵਿੱਚੋਂ ਅਲੱਗ-ਅਲੱਗ ਸਵਰਾਂ ਦੀ ਝੰਕਾਰ ਪੈਦਾ ਹੁੰਦੀ ਹੈ। ਕਦੇ-ਕਦੇ ਇਨ੍ਹਾਂ ਨੂੰ ਅਲੱਗ ਨਾਲ ਛੇੜ ਕੇ ਮਧੁਰ ਧੁਨਿਆਂ ਕੱਢਿਆਂ ਜਾਂਦੀਆਂ ਹਨ। ਇਨ੍ਹਾਂ ਤਾਰਾਂ ਦੀ ਸੰਖਿਆ 9 ਤੋਂ 13 ਤੱਕ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਸਿਤਾਰ ਦਾ ਅਵਿਸ਼ਕਾਰ ਕਿਸ ਨੇ ਅਤੇ ਕਦੋਂ ਕੀਤਾ ?
2. ਸਿਤਾਰ ਦਾ ਤੂੰਬਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?
3. ਸਿਤਾਰ ਵਿੱਚ ਕੁੱਲ ਕਿੰਨੀਆਂ ਤਾਰਾਂ ਹੁੰਦੀਆਂ ਹਨ ?
4. ਸਿਤਾਰ ਦੇ ਪਰਦੇ ਕਿੱਥੇ ਬੰਨੇ ਹੁੰਦੇ ਹਨ ?
5. ਤਰਬ ਦੀਆਂ ਤਾਰਾਂ ਦੀ ਕੁਲ ਕਿੰਨੀ ਸੰਖਿਆ ਹੁੰਦੀ ਹੈ।
6. ਤਾਰ ਗਾਹਿਨ ਤੋਂ ਕੀ ਭਾਵ ਹੈ ?
7. ਸਿਤਾਰ ਕਿਸ ਨਾਲ ਵਜਾਈ ਜਾਂਦੀ ਹੈ ?
8. ਸਿਤਾਰ ਦੇ ਪਰਦੇ ਕਿਸ ਧਾਤੂ ਦੇ ਬਣੇ ਹੁੰਦੇ ਹਨ ?

**ਅਧਿਆਪਕ ਲਈ —**

1. ਵਿਦਿਆਰਥੀਆਂ ਕੋਲੋ ਚਾਰਟ ਅਤੇ ਕਾਪੀ ਤੇ ਸਿਤਾਰ ਦਾ ਚਿੱਤਰ ਬਣਵਾਇਆ ਜਾਵੇ।
2. ਵਿਦਿਆਰਥੀਆਂ ਦੇ ਅੱਗੇ ਸਿਤਾਰ ਰੱਖ ਕੇ ਉਸਦੇ ਅੰਗ ਵਰਣਨ, ਤਾਰਾਂ, ਤਰਬ ਦੀਆਂ ਤਾਰਾਂ ਆਦਿ ਬਾਰੇ ਦਸਿਆ ਜਾਵੇ।



Downloaded from https:// www.studiestoday.com

Downloaded from https:// www.studiestoday.com



# ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰ ਲਿਪੀ ਅਤੇ ਤਾਲ ਲਿਪੀ ਦਾ ਵਰਣਨ

ਉੱਤਰੀ ਭਾਰਤ ਵਿੱਚ ਪ੍ਰਯੋਗ ਹੋਣ ਵਾਲੀ ਲਿਪੀ ਨੂੰ ਭਾਤਖੰਡੇ ਜੀ ਦੀ ਸੁਰ ਲਿਪੀ ਤੋਂ ਜਾਣਿਆ ਜਾਂਦਾ ਹੈ। ਇਹ ਪੱਧਤੀ ਅਸਾਨ ਹੋਣ ਕਰਕੇ ਉੱਤਰੀ ਭਾਰਤ ਵਿੱਚ ਬਹੁਤ ਪ੍ਰਚਲਿਤ ਹੈ। ਭਾਤਖੰਡੇ ਜੀ ਨੇ ਸਾਰੇ ਭਾਰਤ ਦਾ ਦੌਰਾ ਕਰਕੇ ਪੁਰਾਣੇ ਘਰਾਨੇ ਦੇ ਸੰਗੀਤਕਾਰਾਂ ਤੋਂ ਸੰਗੀਤ ਦੀ ਸਾਮਗ੍ਰੀ ਪ੍ਰਾਪਤ ਕੀਤੀ। ਸੰਗੀਤ ਦੀਆਂ ਇਹਨਾਂ ਚੀਜਾਂ ਤੇ ਮਿਹਨਤ ਕਰਕੇ ਇਕ ਨਵੀਂ ਸੁਰਲਿਪੀ ਤਿਆਰ ਕੀਤੀ ਤੇ ਆਪਣੀ ਪੁਸਤਕ 'ਕ੍ਰਮਿਕ ਪੁਸਤਕ ਮਾਲਿਕਾ' ਵਿੱਚ ਇਕੱਠਾ ਕੀਤਾ। ਪੰ. ਜੀ ਦਾ ਵਿਚਾਰ ਸੀ ਕਿ ਵਿਸ਼ੇਸ਼ ਰਾਗ ਇਸ ਤਰ੍ਹਾਂ ਗਾਇਆ ਜਾਵੇ ਕਿੱਥੇ ਕਿਨਾਂ ਠਹਿਰਾਵ ਕੀਤਾ ਜਾਵੇ ਇਸ ਦਾ ਗਿਆਨ ਵਿਦਿਆਰਥੀਆਂ ਨੂੰ ਕਰਾਉਣ ਲਈ ਉਹਨਾਂ ਨੇ ਨੋਟੇਸ਼ਨ ਪੱਧਤੀ ਸ਼ੁਰੂ ਕੀਤੀ। ਨੋਟੇਸ਼ਨ ਪੱਧਤੀ ਆਪਣੇ ਆਪ ਵਿੱਚ ਪੂਰੀ ਤਾਂ ਨਹੀਂ ਹੋ ਸਕਦੀ ਕਿਉਂਕਿ ਸੰਗੀਤ ਦੀਆਂ ਬਰੀਕਿਆ ਨੂੰ ਵਿਖਾਉਣ ਦੇ ਲਈ ਸੁਰਲਿੱਪੀ ਪ੍ਣਾਲੀ ਯੋਗ ਹੈ। ਇਸ ਲਈ ਸੁਰਤਾਲ ਭਾਸ਼ਾ ਨਾਲ ਲਿੱਪੀ ਨੋਟੇਸ਼ਨ ਜ਼ਰੂਰੀ ਉਪਯੋਗੀ ਹੈ।

## ਭਾਤਖੰਡੇ ਜੀ ਦੀ ਸੁਰਲਿਪੀ ਤੇ ਤਾਲ ਲਿਪੀ ਤੇ ਚਿੰਨ

### 1. ਸਵਰ—

(ੳ) **ਸ਼ੁਧ ਸਵਰ—** ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸੁਰ ਸ਼ੁੱਧ ਸਵਰ ਹਨ, ਇਹਨਾਂ ਨੂੰ ਸੁਰਲਿੱਪੀ ਵਿੱਚ ਲਿਖਣ ਲਈ ਸੁਰਾ ਤੇ ਕੋਈ ਚਿੰਨ ਨਹੀਂ ਲਗਾਇਆ ਜਾਂਦਾ ਹੈ। ਜਿਵੇਂ - ਸਾ ਰੇ ਗ ਮ ਪ ਧ ਨੀ।

(ਅ) **ਕੋਮਲ ਸਵਰ—** ਕੋਮਲ ਸਵਰਾਂ ਨੂੰ ਸੁਰ ਲਿਪੀ ਵਿੱਚ ਲਿਖਣ ਲਈ ਸਵਰਾਂ ਦੇ ਥੱਲੇ ਲਾਈਨ ਲਗਾ ਜਾਂ ਡੈਸ਼ ਦਾ ਚਿੰਨ ਲਗਾ ਕੇ ਸੂਚਿਤ ਕੀਤਾ ਜਾਂਦਾ ਹੈ ਜਿਵੇਂ— ਰੇ̱, ਗ̱, ਧ̱, ਨੀ̱।

(ੲ) **ਤੀਬਰ ਸਵਰ—** ਇਹਨਾਂ ਸਵਰ ਲਈ ਸਵਰ ਦੇ ਉੱਪਰ ਛੋਟੀ ਜਿਹੀ ਰੇਖਾ ਲਗਾਈ ਜਾਂਦੀ ਹੈ ਜਿਵੇਂ ਮ ਸਵਰ ਹੀ ਤੀਬਰ ਸਵਰ ਹੈ। ਇਸ ਲਈ ਇਸ ਸਵਰ ਦੇ ਉੱਪਰ ਖੜੀ ਰੇਖਾ ਲਗਾਈ ਜਾਵੇਗੀ ਜਿਵੇਂ ਮ।

### 2. ਸਪਤਕ—

(ੳ) **ਮੰਦਰ ਸਪਤਕ—** ਮੰਦਰ ਸਪਤਕ ਦੇ ਸਵਰਾਂ ਦੀ ਪਹਿਚਾਣ ਦੇ ਲਈ ਸਵਰਾਂ ਦੇ ਹੇਠਾਂ ਬਿੰਦੀ ਲਗਾਈ ਜਾਂਦੀ ਹੈ। ਜਿਵੇਂ - ਮ ਪ ਧ ਨੀ।

(ਅ) **ਮੱਧ ਸਪਤਕ—** ਮੱਧ ਸਪਤਕ ਦੇ ਸਵਰਾਂ ਲਈ ਸੁਰ ਲਿਪੀ ਵਿੱਚ ਕੋਈ ਵੀ ਨਿਸ਼ਾਨ ਦੀ ਲੋੜ ਨਹੀਂ ਹੁੰਦੀ। ਜਿਵੇਂ - ਸਾ ਰੇ ਗ ਮ ਪ ਧ ਨੀ।

(ੲ) **ਤਾਰ ਸਪਤਕ—** ਤਾਰ ਸਪਤਕ ਦੇ ਸਵਰਾਂ ਦੇ ਉੱਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ - ਸਾਂ, ਰੇਂ, ਗਂ, ਮਂ।



Downloaded from https:// www.studiestoday.com

Downloaded from https:// www.studiestoday.com

3. ਸਵਰ ਮਾਨ— '◡' — ਇਸ ਤਰ੍ਹਾਂ ਦੇ ਅਰਧ ਚੰਦਰ ਦੇ ਅੰਦਰ ਜਿੰਨੇ ਸਵਰ ਆਉਂਦੇ ਹਨ ਤਾਂ ਉਹਨਾਂ ਨੂੰ ਫਿਰ ਮਾਤਰਾ ਨਾਲ ਵਿੱਚ ਉਚਾਰਨ ਇਕੱਠੇ ਕੀਤਾ ਜਾਂਦਾ ਹੈ।ਜਿਵੇਂ- ਗੁਮ, ਪਧਨੀ, ਸਾਰੇਗਮ।

4. ਸਵਰਾਂ ਦੀ ਸੁੰਦਰਤਾ—

(ੳ) ਮੀਂਡ ⌒ —ਮੀਂਡ ਦਾ ਚਿੰਨ ਸੁਰਲਿੱਪੀ ਵਿੱਚ ਦੱਸਣ ਲਈ ਸਵਰਾਂ ਦੇ ਉੱਪਰ ਅਰਧ ਚੰਦਰਾਕਾਰ ਦੱਸਦੇ ਹਨ।ਜਿਵੇਂ- "ਗਮ" ਇਸ ਨਾਲ ਇਹ ਸਪੱਸ਼ਟ ਹੈ ਕਿ 'ਹਾ' ਦੇ ਪਰਦੇ ਨਾਲ 'ਮ' ਸਵਰ ਦੀ ਮੀਂਡ ਕ੍ਰਿਆ ਦੁਆਰਾ ਇਸ ਪ੍ਰਕਾਰ ਧੁਨੀ ਦਾ ਉਚਾਰਨ ਕਰਨਾ 'ਗ' ਸਵਰ ਦੀ ਧੁਨੀ ਖੰਡਿਤ ਹੋਏ ਬਿਨਾਂ 'ਮ' ਸਵਰ ਉੱਤੇ ਆ ਕੇ ਰੁਕ ਜਾਈਏ।

(ਅ) ਕਣ $\frac{ਮ}{ਪ}$- ਇਸ ਤਰ੍ਹਾਂ ਦੇ ਸਵਰ ਉੱਤੇ ਦੂਸਰਾ ਸਵਰ ਲਿਖਿਆ ਗਿਆ ਹੋਵੇ ਤਾਂ ਇਸ ਤੋਂ ਭਾਵ ਹੈ ਕਿ 'ਪ' ਸਵਰ ਦੇ ਉਚਾਰਣ ਕਰਨ ਤੋਂ ਪਹਿਲਾਂ 'ਮ' ਸਵਰ ਨੂੰ ਥੋੜਾ ਜਿਹਾ ਛੂਹਣਾ।ਕਣ ਪਹਿਲੇ ਸਵਰ ਜਾਂ ਬਾਅਦ ਦੇ ਸਵਰ ਦਾ ਵੀ ਹੋ ਸਕਦਾ ਹੈ।ਜਿਹੜਾ ਸਵਰ ਉੱਪਰ ਬਾਅਦ ਵਾਲਾ ਸਵਰ ਲਿਖਿਆ ਹੋਵੇਗਾ ਤਾਂ ਉਸ ਦਾ ਹੀ ਕਣ ਲਿਆ ਜਾਵੇਗਾ। ਜਿਵੇਂ— $\frac{ਗ}{ਮ}$, $\frac{ਪ}{ਧ}$।

(ੲ) ਖਟਕਾ— (ਮ) ਜੇਕਰ ਕੋਈ ਸਵਰ ਇਸ ਤਰਾਂ ਦੀ ਬਰੈਕਟ ਵਿੱਚ ਹੋਵੇ ਤਾਂ ਉਸ ਸਵਰ ਦਾ ਉਚਾਰਨ ਕਰਨ ਤੋਂ ਪਹਿਲਾਂ ਉਸਦੇ ਬਾਅਦ ਵਾਲੇ ਸਵਰਾਂ ਦਾ ਖਟਕਾ ਲੈ ਕੇ ਕਹਾਂਗੇ।ਉਸ ਦੇ ਪਹਿਲੇ ਵਾਲੇ ਸਵਰ ਦਾ ਖਟਕਾ ਲੈ ਕੇ ਅੰਦਰ ਵਾਲੇ ਸਵਰ ਕਹਾਂਗੇ।ਜਿਵੇਂ- ਗਾਮਪਮ ਜਾਂ ਗਮ/ਪਮ ਇਹ ਕਿਰਿਆ ਜਲਦੀ ਨਾਲ ਅਤੇ ਸਵਰਾਂ ਦੇ ਸਪੱਸ਼ਟ ਉਚਾਰਨ ਨਾਲ ਕੀਤੀ ਜਾਂਦੀ ਹੈ।

5. ਗੀਤਾਂ ਦਾ ਉੱਚਾਰਣ—

(ੳ) ਡੈਸ਼ '—' ਡੈਸ਼ ਦਾ ਨਿਸ਼ਾਨ ਜਿਹਨਾਂ ਸਵਰਾਂ ਦੇ ਅੱਗੇ ਲੱਗਾ ਹੋਵੇ ਤਾਂ ਉਹਨਾਂ ਸਵਰਾਂ ਨੂੰ ਉਚਾਰਣ ਕਰਨ ਤੋਂ ਬਾਅਦ ਉਹਨਾਂ ਸਵਰਾਂ ਤੇ ਠਹਿਰਿਆ ਜਾਂਦਾ ਹੈ।ਜਿੰਨੇ ਸਵਰਾਂ ਦੇ ਅੱਗੇ ਡੈਸ਼ ਦਾ ਚਿੰਨ ਹੋਵੇਗਾ ਉੱਨੇ ਮਾਤਰਾ ਕਾਲ ਦਾ ਠਹਿਰਾਵ ਹੁੰਦਾ ਹੈ।

(ਅ) ਅਵਗ੍ਰਹ — "S" ਇਹ ਚਿੰਨ ਜਿਹਨਾਂ ਸਵਰਾਂ ਦੇ ਅੱਗੇ ਹੁੰਦਾ ਹੈ ਉਹਨੀ ਹੀ ਮਾਤਰਾ ਕਾਲ ਲਈ ਉਸ ਬੋਲ ਨੂੰ ਵਧਾਇਆ ਜਾਂਦਾ ਹੈ।ਜਿਵੇਂ — ਮ SSS

(ੲ) ਅਰਧ ਵਿਰਾਮ— "," ਇਸ ਤਰ੍ਹਾਂ ਕੋਮਾ ਦਾ ਨਿਸ਼ਾਨ ਜਿਹਨਾਂ ਗੀਤਾਂ ਜਾ ਗਤ ਦੇ ਬੋਲਾਂ ਜਾਂ ਸਵਰਾਂ ਅੱਗੇ ਲਗਾ ਹੋਵੇ ਉਸ ਦੇ ਉਹਨੇ ਹੀ ਸਮ, ਵਿਭਾਗ ਹੁੰਦੇ ਹਨ।

6. ਤਾਲ ਲਿੱਪੀ—

(ੳ) ਸਮ— "×" ਤਾਲ ਵਿੱਚ ਸਮ ਦੇ ਚਿੰਨ ਲਈ ਇਸ ਤਰ੍ਹਾਂ ਦੇ ਗੁਣਾਂ ਦਾ ਚਿੰਨ ਲਗਾਂਦੇ ਹਨ।ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ।

(ਅ) ਖਾਲੀ '0'— ਤਾਲ ਵਿੱਚ ਖਾਲੀ ਦੇ ਲਈ ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ, ਤਾਲ ਵਿੱਚ ਖਾਲੀ



Downloaded from https:// www.studiestoday.com

Downloaded from https:// www.studiestoday.com

ਇੱਕ ਤੋਂ ਵੱਧ ਵੀ ਹੋ ਸਕਦੇ ਹਨ।

**(ੲ) ਵਿਭਾਗ—** ਇਸ ਤਰ੍ਹਾਂ ਦੀ ਲਾਈਨ ਤੋਂ ਤਾਲ ਦੀਆਂ ਮਾਤਰਾਵਾਂ ਦੀ ਵੰਡ ਦਾ ਪਤਾ ਲੱਗਦਾ ਹੈ ਹਰ ਮਾਤਰਾ ਦੇ ਅਲੱਗ ਵਿਭਾਗ ਹੁੰਦੇ ਹਨ।ਵਿਭਾਗ ਦੇ ਲਈ ਸਿੱਧੀ ਰੇਖਾ ਦਾ ਚਿੰਨ ਲਗਾਇਆ ਜਾਂਦਾ ਹੈ।

**(ਸ) ਤਾਲੀ—** 1 : 2 : 3 : 4 ਸੁਰ ਲਿਪੀ ਵਿੱਚ ਤਾਲ ਵਿੱਚ ਤਾਲੀ ਦੇ ਚਿੰਨ ਲਈ ਗਿਣਤੀ ਦੇ ਚਿੰਨ ਜਿਵੇਂ 1, 2, 3, 4 ਲਗਾਏ ਜਾਂਦੇ ਹਨ।ਕਈ ਤਾਲਾਂ ਵਿੱਚ ਇੱਕ ਤੋਂ ਵੱਧ ਤਾਲੀਆਂ ਹੁੰਦੀਆਂ ਹਨ।

**ਸਵਰ ਲਿੱਪੀ ਦੀਆਂ ਚੰਗਿਆਈਆਂ—**

1. ਸੁਰਲਿਪੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਕਿਸੇ ਤੋਂ ਸਿੱਖੀ ਹੋਈ ਚੀਜ ਨੂੰ ਯਾਦ ਕਰਨ ਵਿੱਚ ਮਦਦ ਮਿਲਦੀ ਹੈ।ਕਿਉਂਕਿ ਲਿਖੀ ਹੋਈ ਚੀਜ ਨੂੰ ਵੇਖ ਦੇ ਹੀ ਪਹਿਲਾ ਯਾਦ ਕੀਤੀ ਚੀਜ ਯਾਦ ਕਰਨ ਵਿੱਚ ਆਸਾਨੀ ਹੁੰਦੀ ਹੈ।

2. ਸਵਰ ਲਿਪੀ ਦੀ ਮਦਦ ਨਾਲ ਦੂਸਰੀ ਭਾਸ਼ਾਵਾਂ ਵਿੱਚ ਵੀ ਇਸਦਾ ਪ੍ਰਚਾਰ ਹੋ ਸਕਦਾ ਹੈ।

3. ਜੇਕਰ ਅਸੀਂ ਕਿਸੀ ਗੁਣੀਜਨ ਤੋਂ ਗਾਇਕੀ ਦੀ ਕੋਈ ਚੀਜ਼ ਸਿੱਖੀ ਹੈ ਤਾਂ ਉਸ ਨੂੰ ਸੁਰਲਿਪੀ ਦੇ ਸਹਾਰੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

4. ਸੁਰ ਲਿਪੀ ਨਾਲ ਸਮੇਂ ਦੀ ਬਚਤ ਹੁੰਦੀ ਹੈ।ਲਿਖੀ ਹੋਈ ਚੀਜ਼ ਨੂੰ ਘੱਟ ਸਮੇਂ ਵਿੱਚ ਸਿਖਣਾ ਸੌਖਾ ਹੋ ਗਿਆ ਹੈ।

5. ਰਾਗਾਂ ਦੀ ਨੋਟੇਸ਼ਨ ਲਿਖ ਕੇ ਰੱਖਣ ਨਾਲ ਅਸੀਂ ਅਗਲੀ ਪੀੜੀ ਨੂੰ ਇਹ ਚੀਜ਼ ਕਰਵਾਉਣ ਵਿੱਚ ਕਾਰਗਾਰ ਸਿੱਧ ਹੁੰਦੀ ਹੈ।ਕਿਉਂਕਿ ਨੋਟੇਸ਼ਨ ਹੀ ਇੱਕ ਐਸਾ ਸਾਧਨ ਹੈ ਜੋ ਇਹਨਾਂ ਸਾਰਿਆਂ ਦਾ ਰਿਕਾਰਡ ਰੱਖਦਾ ਹੈ।6. ਸਵਰ ਲਿਪੀ ਦੁਆਰਾ ਹੀ ਅਸੀਂ ਘਰਾਣੇਦਾਰ ਗਾਇਕਾਂ ਦੀਆਂ ਚੀਜਾਂ ਨੂੰ ਸੰਭਾਲ ਕੇ ਰੱਖ ਸਕਦੇ ਹਾਂ।ਜਿਵੇਂ ਭਾਤਖੰਡੇ ਜੀ ਦੀ ਪੁਸਤਕ 'ਕ੍ਰਮਿਕ ਪੁਸਤਕ ਮਾਲਿਕਾ-6' ਵਿੱਚ ਘਰਾਣੇਦਾਰ ਚੀਜ਼ਾਂ ਲਿਖਿਆਂ ਹਨ।

7. ਸੁਰਲਿਪੀ ਸਰਲ ਸਪੱਸ਼ਟ ਹੋਵੇ ਤੇ ਘੱਟ ਗਿਆਨ ਵਾਲੇ ਤੇ ਵਿਦਵਾਨ ਏਨਾ ਦਾ ਫਾਇਦਾ ਲੈ ਸਕਦੇ ਹਨ।

8. ਕਿਸੇ ਵੀ ਘਰਾਣੇ ਦੀ ਸ਼ੈਲੀ (ਗਾਇਕ, ਨਾਟਕ) ਦੀ ਸਵਰ ਲਿਪੀ ਦੀ ਮਦਦ ਨਾਲ ਹੀ ਲਿਖ ਕੇ ਸੁਰੱਖਿਅਤ ਰੱਖੀ ਜਾ ਸਕਦੀ ਹੈ।

9. ਸਵਰ ਲਿਪੀ ਦਾ ਉਦੇਸ਼ ਸਪੱਸ਼ਟ ਤੇ ਸ਼ੁੱਧ ਰੂਪ ਵਿੱਚ ਸਾਰੀਆਂ ਚੀਜਾਂ ਦਾ ਵਰਣਨ ਕਰਨਾ ਹੈ।ਜਿਸ ਦੇ ਪੜਦੇ ਹੀ ਇਹ ਚੀਜਾਂ ਸਪੱਸ਼ਟ ਹੋ ਜਾਣ।

**ਸਵਰ ਲਿਪੀ ਦੀਆਂ ਬੁਰਾਈਆਂ—**

1. ਸਵਰਾਂ ਦਾ ਸ਼ੁੱਧ ਉਚਾਰਨ ਜਿਵੇਂ ਸਵਰਾਂ ਦੇ ਵਿਸ਼ਰਾਮ, ਕੋਮਲ ਤੇ ਤੀਵਰ ਸਵਰਾਂ ਦਾ ਉਚਾਰਨ ਆਦਿ ਸਵਰ ਲਿੱਪੀ ਵਿੱਚ ਨਹੀਂ ਉਤਾਰੀਆਂ ਜਾ ਸਕਦੀਆਂ।ਕੇਵਲ ਸੁਰ ਲਿਪੀ ਤੇ ਅਧਾਰਿਤ ਹੋਣਾ ਪੈਂਦਾ ਹੈ ਤੇ ਸੰਗੀਤ ਦੀ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਨ।



Downloaded from https:// www.studiestoday.com

Downloaded from https:// www.studiestoday.com

2. ਸਵਰਾਂ ਦਾ ਉਚਾਰਨ, ਰਾਗ ਨੂੰ ਗਾਉਣ ਦਾ ਢੰਗ ਇਹ ਗੱਲਾਂ ਲਿਖਣ ਤੋਂ ਨਹੀਂ ਸੁਣ ਕੇ ਲਿਖੀਆਂ ਜਾ ਸਕਦੀਆਂ ਹਨ।

3. ਸਵਰ ਲਿੱਪੀ ਨੇ ਸੰਗੀਤ ਦੇ ਵਿਦਿਆਰਥੀਆਂ ਨੂੰ ਆਲਸੀ ਬਣਾ ਦਿੱਤਾ ਹੈ ਜਿਸ ਨਾਲ ਵਿਦਿਆਰਥੀ ਖੁਦ ਹੀ ਗਲਤ ਤਰੀਕੇ ਨਾਲ ਘਰ ਬੈਠ ਕੇ ਸੰਗੀਤ ਸਿੱਖ ਰਹੇ ਹਨ। ਜਿਸ ਨਾਲ ਗੁਰੂ ਸਿਸ਼ਾ ਪਰੰਪਰਾ ਖਤਮ ਹੋ ਰਹੀ ਹੈ।

4. ਕਈ ਕਠਿਨ ਧੁਨਾਂ ਨੂੰ ਅਸੀਂ ਸਵਰ ਲਿਪੀ ਦੁਆਰਾ ਨਹੀਂ ਸਮਝ ਸਕਦੇ। ਜਦੋਂ ਤੱਕ ਕਿਸੀ ਉਸਤਾਦ ਤੋਂ ਪ੍ਰਯੋਗੀ ਰੂਪ ਤੋਂ ਇਹ ਸਿੱਖਿਆ ਨਾ ਜਾਣ।

## ਪਾਠ - ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਉੱਤਰ ਭਾਰਤ ਵਿੱਚ ਪ੍ਰਯੋਗ ਹੋਣ ਵਾਲੀ ਸਵਰ ਲਿਪੀ ਨੂੰ ਕੀ ਕਿਹਾ ਜਾਂਦਾ ਹੈ ?
2. ਪੰ: ਭਾਤਖੰਡੇ ਦੀ ਪੁਸਤਕ ਦਾ ਨਾਂ ਦੱਸੋ ਜਿਸ ਵਿੱਚ ਉਨ੍ਹਾਂ ਨੇ ਸਵਰ ਲਿਪੀ ਦੀ ਸਮਗਰੀ ਇਕੱਠੀ ਕੀਤੀ ਹੈ ?
3. ‿ ਦੇ ਅਰੱਧ ਚੰਦ੍ਰ ਤੋਂ ਕੀ ਭਾਵ ਹੈ ?
4. ਗ⁀ਪ ਇਹ ਚਿੰਨ੍ਹ ਕਿਸ ਚੀਜ਼ ਦਾ ਹੈ ?
5. × ਦਾ ਚਿੰਨ੍ਹ ਕਿਸ ਦਾ ਹੈ ?
6. ਗੀਤ ਵਿੱਚ ਠਹਿਰਾਵ ਲਈ ਕਿਹੜਾ ਚਿੰਨ੍ਹ ਲਗਾਇਆ ਜਾਂਦਾ ਹੈ ?
7. ਸਵਰ ਲਿਪੀ ਦਾ ਕੋਈ ਇਕ ਲਾਭ ਦੱਸੋ ?

**ਅਧਿਆਪਕ ਲਈ —**

1. **ਵਿਦਿਆਰਥੀਆਂ ਨੂੰ ਕਾਪੀ ਤੇ ਸਵਰ ਲਿਪੀ ਅਤੇ ਤਾਲ ਲਿਪੀ ਲਿਖਵਾਈ ਜਾਵੇ।**
2. **ਛੋਟੇ-ਛੋਟੇ ਗੱਤੇ ਦੇ ਟੁਕੜੇ ਲੈ ਕੇ ਉਨ੍ਹਾਂ ਉੱਤੇ ਭਾਲ ਲਿਪੀ ਤੇ ਸਵਰ ਲਿਪੀ ਦੇ ਚਿੰਨ੍ਹ ਬਣਾਉਣ ਲਈ ਵਿਦਿਆਰਥੀਆਂ ਕਿਹਾ ਜਾਵੇ ਤੇ ਖੇਡ ਵਿੱਚ ਇਨ੍ਹਾਂ ਚਿਨ੍ਹਾਂ ਦਾ ਅਭਿਆਸ ਕਰਵਾਇਆ ਜਾਵੇ।**



Downloaded from https:// www.studiestoday.com

Downloaded from https:// www.studiestoday.com

ਪਾਠ - 6

# ਗਤ- ਮਸੀਤਖਾਨੀ ਗਤ, ਰਜਾਖਾਨੀ ਗਤ

**ਗਤ—** ਰਾਗ ਵਿੱਚ ਅਲਾਪ ਵਜਾਉਣ ਤੋਂ ਬਾਅਦ ਰਾਗ ਦੀ ਸਤ ਵਜਾਈ ਜਾਂਦੀ ਹੈ। ਕਿਸੇ ਵੀ ਤਾਲ ਰਾਗ ਤਾਲਬੱਧ ਰਚਨਾ ਨੂੰ ਗਤ ਕਹਿੰਦੇ ਹਨ। ਗਤ ਵਿਲੰਬਿਤ ਜਾਂ ਦਰੁੱਤ ਲੈਅ ਵਿੱਚ ਵਜਾਈ ਜਾਂਦੀ ਹੈ। ਗਤ ਦੇ ਦੋ ਭਾਗ ਹੁੰਦੇ ਹਨ। ਸਥਾਈ ਅਤੇ ਅੰਤਰਾ। ਸਥਾਈ ਹਮੇਸ਼ਾ ਦੋ ਲਾਈਨਾਂ ਦੀ ਹੁੰਦੀ ਹੈ ਅਤੇ ਅੰਤਰਾ ਦੋ ਤੋਂ ਚਾਰ ਲਾਈਨਾਂ ਦਾ ਹੁੰਦਾ ਹੈ। ਵਾਦਨ ਵਿੱਚ ਗਤ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਵਾਦਨ ਹਰਮੋਨੀਅਮ, ਸਰੋਦ, ਵਚਿੱਤਰ ਵੀਣਾ ਅਤੇ ਸਿਤਾਰ ਤੇ ਵਜਾਇਆ ਜਾਣ ਵਾਲੀਆਂ ਸਵਰ ਰਚਨਾਵਾਂ ਨੂੰ ਹੀ ਗਤ ਕਹਿੰਦੇ ਹਨ। ਗਤ ਦੋ ਪ੍ਰਕਾਰ ਦੀ ਹੁੰਦੀ ਹੈ—

1. **ਮਸੀਤ ਖਾਨੀ ਗਤ**

2. **ਰਜ਼ਾ ਖਾਨੀ ਗਤ**

1. **ਮਸੀਤ ਖਾਨੀ ਗਤ—** ਇਸ ਗਤ ਦੀ ਰਚਨਾ ਮਸੀਤ ਖਾਂ ਸਾਹਿਬ ਨੇ ਕੀਤੀ, ਇਸੇ ਲਈ ਇਸ ਗਤ ਦਾ ਨਾਂ ਮਸੀਤ ਖਾਨੀ ਗਤ ਪੈ ਗਿਆ। ਇਸ ਗਤ ਨੂੰ ਹਮੇਸ਼ਾ ਵਿਲੰਬਿਤ ਲੈਅ ਵਿੱਚ ਵਜਾਇਆ ਜਾਂਦਾ ਹੈ। ਵਾਦਨ ਵਿੱਚ ਇਹ ਗਤ 12ਵੀਂ ਮਾਤਰਾ ਤੋਂ ਸ਼ੁਰੂ ਕੀਤੀ ਜਾਂਦੀ ਹੈ। ਇਸ ਵਿੱਚ ਦਿਰ ਦਾ ਦਿਰ ਦਾ ਰਾ ਦਾ ਦਾ ਰ ਦੇ ਬੋਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਗਤ ਵਿੱਚ ਮੀਂਡ, ਘਸੀਟ ਗਮਕ ਦਾ ਪ੍ਰਯੋਗ ਕਰਕੇ ਚੋਗੁਣ ਤੇ ਅੱਠ ਗੁਣ ਦੇ ਤੋੜੇ ਵਜਾਏ ਜਾਂਦੇ ਹਨ ਅਤੇ ਗਿਆਰਵੀਂ ਮਾਤਰਾ ਤੇ ਇਹ ਤੋੜੇ ਖਤਮ ਕਰਕੇ ਬਾਰ੍ਹਵੀਂ ਮਾਤਰਾ ਤੋਂ ਗਤ ਨੂੰ ਪਕੜ ਲਿਆ ਜਾਂਦਾ ਹੈ। ਇਸ ਗਤ ਨੂੰ ਤਿੰਨ ਤਾਲ ਝਪਤਾਲ, ਇਕਤਾਲ ਰੂਪਕ ਤਾਲਾਂ ਵਿੱਚ ਵਜਾਇਆ ਜਾਂਦਾ ਹੈ।

2. **ਰਜ਼ਾ ਖਾਨੀ ਗਤ—** ਇਸ ਗਤ ਦੇ ਰਚਹਾਰ ਲਖਨਊ ਦੇ ਉਸਤਾਦ ਅਹਿਮਦ ਰਜਾਂ ਖਾਂ ਨੇ 18ਵੀਂ ਸਦੀ ਵਿੱਚ ਕੀਤਾ। ਇਸ ਲਈ ਇਸ ਗਤ ਦਾ ਨਾਂ ਰਜ਼ਾ ਖਾਨੀ ਗਤ ਪੈ ਗਿਆ। ਇਸ ਗਤ ਨੂੰ ਪੂਰਵੀ ਬਾਜ ਦੀ ਗਤ ਜਾਂ ਦਿੱਲੀ ਬਾਜ ਦੀ ਗਤ ਵੀ ਕਹਿੰਦੇ ਹਨ। ਇਸ ਗਤ ਦੀ ਚਾਲ ਦ੍ਰੁਤ ਗਤੀ ਵਿੱਚ ਵਜਾਇਆ ਜਾਂਦਾ ਹੈ। ਇਸ ਲਈ ਇਹ ਵਜਾਣ ਵਿੱਚ ਬਹੁਤ ਚੰਚਲ ਲੱਗਦੀ ਹੈ। ਇਸ ਗਤ ਵਿੱਚ ਦਾ, ਦਿਰ ਦਿਰ ਦਾ ਰਦਾ ਤਰ ਦਾ, ਦਾ ਗ ਗ ਦਾ ਗ ਦਾ ਦਿਰ ਦਾ ਗ ਦੇ ਬੋਲ ਵਜਾਏ ਜਾਂਦੇ ਹਨ। ਇਸ ਗਤ ਵਿੱਚ ਚੋਗੁਣ ਅਤੇ ਬਰਾਬਰ ਦੇ ਤੋੜਿਆਂ ਦਾ ਪ੍ਰਯੋਗ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਰਾਗ ਅਤੇ ਆਲਾਪ ਤੋਂ ਬਾਅਦ ਕੀ ਵਜਾਈ ਜਾਂਦੀ ਹੈ ?
2. ਗਤ ਦੇ ਭਾਗਾਂ ਦੇ ਨਾਂ ਦੱਸੋ ?
3. ਗਤ ਕਿਹੜੇ-ਕਿਹੜੇ ਸਾਜਾਂ ਤੇ ਵਜਾਈ ਜਾਂਦੀ ਹੈ ?
4. ਮਸੀਤ ਖਾਨੀ ਗਤ ਦੇ ਰਚਨ ਹਾਰ ਕੌਣ ਹਨ ?
5. ਵਾਦਨ ਵਿੱਚ ਗਤ ਕਿਹੜੀ ਮਾਤਰਾਂ ਤੋਂ ਸ਼ੁਰੂ ਹੁੰਦੀ ਹੈ ?
6. ਰਜਾਖਾਨੀ ਗਤ ਦੇ ਰਚਨਾਹਾਰ ਕੌਣ ਹਨ ?
7. ਰਜ਼ਾਖਾਨੀ ਗਤ ਕਿਸ ਲੈਅ ਵਿੱਚ ਵਜਾਂਦੇ ਹਾਂ ?
8. ਰਜ਼ਾਖਾਨੀ ਗਤ ਦੀ ਚਾਲ ਕਿਹੋ ਜਿਹੀ ਹੁੰਦੀ ਹੈ ?

**ਅਧਿਆਪਕ ਲਈ —**

1. ਸਿਤਾਰ ਤੇ ਵਿਦਿਆਰਥੀਆਂ ਨੂੰ ਮਸੀਤਖਾਨੀ ਗਤ ਅਤੇ ਰਜ਼ਾਖਾਨੀ ਗਤ ਦਾ ਅਭਿਆਸ ਕਰਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

## ਪਾਠ - 7

# ਵਾਦਕ ਦੇ ਗੁਣ ਤੇ ਦੋਸ਼

ਗਾਇਨ ਤੇ ਵਾਦਯ ਸੰਗੀਤ ਰੂਪੀ ਪੱਥ ਦੇ ਦੋ ਪਹੀਏ ਹਨ। ਜੋ ਇੱਕ ਦੂਜੇ ਦੇ ਸਹਿਯੋਗ ਨਾਲ ਅੱਗੇ ਵੱਧਦੇ ਹਨ। ਅਸੀਂ ਦੇਖਿਆ ਹੈ ਜਿਸ ਵਾਦਕ ਨੂੰ ਗਾਇਕੀ ਦਾ ਗਿਆਨ ਹੈ। ਉਹ ਵਾਦ ਤੇ ਬਹੁਤ ਹੀ ਛੇਤੀ ਪ੍ਰਸਿੱਧੀ ਪ੍ਰਾਪਤ ਕਰਦਾ ਹੈ। ਇੱਕ ਚੰਗਾ ਵਾਦਕ ਉਹ ਹੀ ਹੈ ਜਿਹੜਾ ਦੂਜਿਆਂ ਦੇ ਸਾਹਮਣੇ ਆਪਣੀ ਕਲਾ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਕਰ ਸਕੇ। ਇੱਕ ਚੰਗੇ ਵਾਦਕ ਨੂੰ ਚਾਹੀਦਾ ਹੈ ਕਿ ਠੀਕ ਮੁਦਰਾ ਵਿੱਚ ਬੈਠ ਕੇ ਸਾਜ਼ ਵਜਾਵੇ, ਸੁਰ, ਲੈਅ, ਤਾਲ ਨੂੰ ਸਮਝਦਾ ਹੋਏ। ਇੱਕ ਆਮ ਵਾਦਕ ਸਰੋਤਾਵਾਂ ਤੇ ਤਾਂ ਹੀ ਪ੍ਰਭਾਵ ਪਾ ਸਕਦਾ ਹੈ। ਜੇਕਰ ਉਸ ਨੂੰ ਤਾਲ, ਲੈਅ ਦਾ ਗਿਆਨ ਹੋਵੇ। ਕਈ ਵਾਰ ਚੰਗੇ ਤੋਂ ਚੰਗਾ ਵਾਦਕ, ਆਪਣੇ ਭੱਦੇ ਅੰਗ ਸੰਚਾਲਨ ਕਰਕੇ, ਦੋਸ਼ਪੂਰਨ ਮੁਦਰਾ ਕਰਕੇ ਆਪਣੀ ਕਲਾ ਦਾ ਪ੍ਰਭਾਵਸ਼ਾਲੀ ਢੰਗ ਨੂੰ ਸਰੋਤਿਆਂ ਦੇ ਸਾਹਮਣੇ ਪੇਸ਼ ਕਰਨ ਵਿੱਚ ਸਫਲ ਨਹੀਂ ਹੁੰਦਾ। ਇਸ ਲਈ ਇੱਕ ਵਾਦਕ ਨੂੰ ਇਹਨਾਂ ਗੁਣਾਂ ਤੇ ਦੋਸ਼ਾਂ ਦੀ ਜਾਣਕਾਰੀ ਹੋਣੀ ਜਰੂਰੀ ਹੈ। ਜਿਸ ਨਾਲ ਵਿਦਿਆਰਥੀ ਸ਼ੁਰੂ ਤੋਂ ਹੀ ਦੋਸ਼ਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਨਾ ਸਕਣ। ਇੱਕ ਚੰਗੇ ਵਾਦਕ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

1. **ਚੰਗਾ ਸੰਗੀਤਕਾਰ**— ਇੱਕ ਵਾਦਕ ਨੂੰ ਗਾਇਕੀ ਅੰਗ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਲਈ ਉਸ ਨੂੰ ਚੰਗਾ ਸੰਗੀਤਕਾਰ ਬਣਨ ਲਈ ਇਹ ਗੁਣ ਅਪਨਾਉਣਾ ਚਾਹੀਦਾ ਹੈ।

2. **ਵਾਦ ਵਿੱਚ ਸੁਰੀਲਾਪਨ**— ਵਾਦਕ ਜਿਹੜਾ ਵੀ ਵਾਦ ਵਜਾ ਰਿਹਾ ਹੋਵੇ ਉਸ ਨੂੰ ਪੂਰੀ ਤਰ੍ਹਾਂ ਸੁਰ ਕੀਤਾ ਹੋਣਾ ਚਾਹੀਦਾ ਹੈ। ਤਾਂ ਜੋ ਵਾਕ ਵਿੱਚ ਮਧੁਰਤਾ ਤੇ ਸੁਰੀਲਾਪਨ ਹੋਵੇ।

3. **ਲੈਅ ਤੇ ਤਾਲ ਦਾ ਗਿਆਨ**— ਵਾਦਕ ਨੂੰ ਭਿੰਨ-ਭਿੰਨ ਅੰਗ ਅਲਾਪ, ਜੋੜ ਅਲਾਪ, ਤੋੜੇ ਵਾਦੀ, ਸੰਵਾਦੀ, ਗਿਆਨ ਇਹਨਾਂ ਸਾਰਿਆਂ ਦਾ ਪ੍ਰਦਰਸ਼ਨ ਕਰ ਲੈਅ ਤੇ ਤਾਲ ਦਾ ਪੂਰਾ ਗਿਆਨ ਹੋਵੇ।

4. **ਹੱਥ ਦਾ ਰੱਖ-ਰਖਾਵ**— ਵਾਦਕ ਜਿਹੜਾ ਵੀ ਵਾਦ ਵਜਾ ਰਿਹਾ ਹੈ। ਉਸ ਦੀਆਂ ਉਂਗਲੀਆਂ ਤਾਰਾਂ ਤੇ ਠੀਕ ਤਰ੍ਹਾਂ ਰੱਖੀਆਂ ਹੋਣ, ਵਾਦ ਤੇ ਠੀਕ ਹੱਥ ਰੱਖਣ ਤੇ ਵਾਦ ਬਹੁਤ ਹੀ ਸੁਰੀਲਾ ਵੱਜਦਾ ਹੈ।

6. **ਸਾਜਾਂ ਦੀ ਆਵਾਜ਼**— ਵਾਦਕ ਦੇ ਸਾਜਾਂ ਦੀ ਆਵਾਜ ਗੂੰਜਦਾਰ, ਗੰਭੀਰ, ਸਥਿਰ ਹੋਣੀ ਚਾਹੀਦੀ ਹੈ।

7. **ਰਾਗ ਦੇ ਨਿਯਮਾਂ ਦਾ ਗਿਆਨ**— ਵਾਦਨ ਕਰਦੇ ਸਮੇਂ ਵਾਦਕ ਜੋ ਵਜਾ ਰਿਹਾ, ਉਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਜਿਵੇਂ ਕਿਹੜਾ ਰਾਗ ਕਿਹੜੇ ਸਮੇਂ ਵਜਾਣ, ਉਸਦੇ ਗਿਆਨ ਦੇ ਸੁਰਾਂ ਅਨੁਸਾਰ ਪ੍ਰਸਤੂਤੀ।

8. **ਵਾਦਨ ਦੀਆਂ ਕ੍ਰਿਆਵਾਂ**— ਵਾਦਕ ਨੂੰ ਵਾਦਨ ਦੀਆਂ ਕ੍ਰਿਆਵਾਂ, ਮੀਂਡ, ਗਮਕ, ਕਣ, ਕੀਰਤਨ ਆਦਿ ਵਜਾਉਣ ਵਿੱਚ ਪੂਰੀ ਨਿਪੁੰਨਤਾ ਹੋਵੇ।

9. **ਅਭਿਆਸ**— ਇੱਕ ਵਾਦਕ ਨੂੰ ਹਰ ਰੋਜ਼ ਆਪਣੇ ਸਾਜ ਤੇ ਭਿੰਨ ਵਾਦਨ ਸ਼ੈਲੀਆਂ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਜਿਸ ਨਾਲ ਉਸ ਦੇ ਸਾਜ ਵਿੱਚ ਨਿਖਾਰਤਾ ਆ ਸਕੇ।

10. **ਸਰੋਤਾਵਾਂ ਦੀ ਰੁਚੀ ਅਨੁਸਾਰ ਕਲਾ ਦਾ ਪ੍ਰਦਰਸ਼ਨ**— ਜੋ ਸਰੋਤਾਵਾਦੀ ਇੱਛਾ ਅਨੁਸਾਰ ਵਾਦਨ ਕਰਨ ਦੀ ਤਤਪਰ ਹੋਵੇ ਅਤੇ ਉਸ ਦੇ ਸਾਜ ਦੀ ਪ੍ਰਦਰਸ਼ਨੀ ਸਮੇਂ ਸਰੋਤਾ ਵਾਹ-ਵਾਹ ਕਹਿ ਉੱਠਣ।



Downloaded from https:// www.studiestoday.com

Downloaded from https:// www.studiestoday.com

11. **ਵਿਧੀ ਵਿਧਾਨ ਨਾਲ ਸਿੱਖਿਆ ਪ੍ਰਾਪਤ ਕਰਨੀ**— ਇੱਕ ਕੁਸ਼ਲ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਤਾਂ ਹੀ ਕਰ ਸਕਦਾ ਹੈ ਜੇਕਰ ਉਸ ਨੇ ਕਿਸੇ ਗੁਰੂ ਜਾਂ ਕਿਸੀ ਅਧਿਆਪਕ ਤੋਂ ਵਿਧੀ ਪੂਰਵਕ ਸਿੱਖਿਆ ਲਈ ਹੋਵੇ।

12. **ਸਾਧਕ ਹੋਣਾ ਜਰੂਰੀ**— ਵਾਦਕ ਸਾਧਨਾ ਕਰਨ ਵਾਲਾ ਹੋਵੇ ਅਤੇ ਹਰ ਸਮੇਂ ਸਿੱਖਣ ਦੀ ਲਾਲਸਾ ਰੱਖਦਾ ਹੋਵੇ।

**ਦੋਸ਼**— ਜਿਸ ਵਾਦਕ ਵਿੱਚ ਉੱਪਰ ਦਰਸਾਏ ਗੁਣ ਨਾ ਹੋਣ ਉਹ ਉਸਦੇ ਦੋਸ਼ ਹੁੰਦੇ ਹਨ।

1. ਵਾਦ ਦੀ ਸੁਰੀਲਾਪਨ ਤੇ ਮਧੁਰਤਾ ਨਾ ਹੋਣੀ।
2. ਲੈਅ ਤੇ ਤਾਲ ਤੇ ਨਿਰੰਤਰ ਨਾ ਹੋਣਾ ਭਾਵ ਬੇਤਾਲਾ ਹੋਣਾ।
3. ਵਾਦਨ ਕਰਦੇ ਸਮੇਂ ਸਾਜ ਤੇ ਉਂਗਲੀਆਂ ਦਾ ਰੱਖ ਰਖਾਵ ਠੀਕ ਨਾ ਹੋਣਾ।
4. ਵਦਨ ਕਰਦੇ ਸਮੇਂ ਭੈੜੀਆਂ ਹਰਕਤਾਂ ਕਰਨਾ, ਜਿਸ ਦਾ ਸਰੋਤਾਵਾਂ ਤੇ ਬੁਰਾ ਪ੍ਰਭਾਵ ਪੈਣਾ।
5. ਵਾਦ ਦੀ ਆਵਾਜ਼ ਠੀਕ ਜਗ੍ਹਾ ਤੇ ਪਹੁੰਚਣ ਤੋਂ ਪਹਿਲਾਂ ਹੀ ਬੰਦ ਹੋ ਜਾਣੀ।
6. ਸਾਜ ਵਜਾਉਂਦੇ ਤਾਰਾਂ ਦੀ ਝੰਨਕਾਰ ਜ਼ਿਆਦਾ ਸੁਣਨੀ। ਤਾਰਾਂ ਨੂੰ ਜ਼ਿਆਦਾ ਕੰਪਾਨਾ।
7. ਡਰਦੇ, ਆਤਮ ਵਿਸ਼ਵਾਸ ਖੋ ਕੇ ਜਲਦੀ ਜਲਦੀ ਸਾਜ ਵਜਾਉਣਾ।
8. ਗੀਤ, ਗਮਕ, ਮੀਂਡ ਦੀ ਠੀਕ ਵਰਤੋਂ ਨਾ ਕਰਨੀ।
9. ਛਾਇਆ ਲਗ, ਮਿਸ਼ਰਿਤ ਰਾਗਾਂ ਦਾ ਅਨੁਉਪਯੁਕਤ ਪ੍ਰਯੋਗ ਕਰਦੇ ਵਜਾਉਣਾ।
10. ਸਾਜ ਸਰੋਤਾਵਾਂ ਦੀ ਰੁਚੀ ਮੁਤਾਬਿਕ ਨਾ ਵਜਾਉਣਾ।
11. ਸਿਰ ਹਿਲਾ ਕੇ ਹੱਥ ਪੈਰ ਪੱਟ ਕੇ ਸਾਜ ਵਜਾਉਣਾ।
12. ਜਿਸ ਨੂੰ ਰਾਗਾਂ ਦੀ ਪੂਰੀ ਜਾਣਕਾਰੀ ਨਾ ਹੋਣੀ।

## ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਵਾਦਕ ਦੇ ਕਿਸੇ ਇਕ ਗੁਣ ਬਾਰੇ ਲਿਖੋ ?
2. ਵਾਦਕ ਦੇ ਕਿਸੇ ਇਕ ਦੋਸ਼ ਬਾਰੇ ਲਿਖੋ ?
3. ਵਾਦਕ ਨੂੰ ਕਿਸ ਮੁਦ੍ਰਾ ਵਿੱਚ ਬੈਠ ਕੇ ਵਾਦ ਵਜਾਉਣਾ ਚਾਹੀਦਾ ਹੈ ?
4. ਘਬਰਾਹਟ ਨਾਲ ਜਦੋਂ ਵਾਦਕ ਵਾਦ ਵਜਾਉਂਦਾ ਹੈ ਤਾਂ ਉਹ ਵਾਦਕ ਦਾ ਦੋਸ਼ ਹੈ ਜਾਂ ਗੁਣ ?
5. ਵਾਦਕ ਨੂੰ ਸੰਗੀਤ ਦੀ ਸਿੱਖਿਆ ਕਿਥੋਂ ਪ੍ਰਾਪਤ ਕਰਨੀ ਚਾਹੀਦੀ ਹੈ ?
6. ਸ਼ਰੋਤਾ ਦੇ ਮਨ ਨੂੰ ਮੋਹਣ ਲਈ ਵਾਦਕ ਵਿੱਚ ਕੀ ਹੋਣਾ ਚਾਹੀਦਾ ਹੈ ?
7. ਵਾਦਕ ਨੂੰ ਆਪਣਾ ਵਾਦ ਕਿਸ ਵਿੱਚ ਕਰਕੇ ਰਖਣਾ ਚਾਹੀਦਾ ਹੈ ?

**ਅਧਿਆਪਕ ਲਈ —**

1. ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਵਾਦਅ ਵਜਾਉਣ ਦੇ ਸਾਰੇ ਗੁਣ ਸਿਖਾਣ ਕਿਉਂਕਿ ਗੁਣਾ ਨੂੰ ਅਪਣਾ ਕੇ ਹੀ ਵਿਦਿਆਰਥੀ ਇਕ ਚੰਗਾ ਵਾਦਕ ਬਣ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

ਪਾਠ - 8

# ਥਾਟ ਅਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾ

**ਰਾਗ ਦੀ ਪਰਿਭਾਸ਼ਾ**— ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸਵਰਾਂ ਦੀ ਉਹ ਸੁੰਦਰ ਰਚਨਾ ਜਿਹੜੀ ਕੰਨਾਂ ਨੂੰ ਚੰਗੀ ਲੱਗੇ ਉਸ ਨੂੰ ਰਾਗ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, ਸਵਰ ਅਤੇ ਵਰਣ ਨਾਲ ਸਜੀ ਧਵਨੀ ਜਿਹੜੀ ਮਨੁੱਖ ਦਾ ਮਨੋਰੰਜਨ ਕਰੇ ਰਾਗ ਕਹਿਲਾਉਂਦੀ ਹੈ।"

## ਥਾਟ ਦੀ ਪਰਿਭਾਸ਼ਾ

ਸਪਤਕ ਦੇ 12 ਸਵਰਾਂ ਵਿੱਚੋਂ ਸਭ ਕ੍ਰਮਵਾਰ ਮੁੱਖ ਸਵਰਾਂ ਦੇ ਉਸ ਸਵਰ ਸਮੂਹ ਨੂੰ ਥਾਟ ਕਹਿੰਦੇ ਹਨ। ਜਿਸ ਤੋਂ ਥ ਪੈਦਾ ਹੁੰਦੇ ਹੋਣ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ। ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ। "ਮੇਲ ਜਾਂ ਥਾਟ ਸਵਰਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ, ਜਿਸ ਵਿੱਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ।"

## ਰਾਗ ਅਤੇ ਥਾਟ ਦੇ ਨਿਯਮਾਂ ਦੀ ਆਪਸੀ ਤੁਲਨਾ

1. ਰਾਗ ਦੀ ਉਤਪੱਤੀ ਥਾਟ ਤੋਂ ਹੁੰਦੀ ਹੈ।
2. ਰਾਗ ਵਿੱਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸੱਤ ਸਵਰ ਹੋਣੇ ਚਾਹੀਦੇ ਹਨ। ਇਸ ਤੋਂ ਘੱਟ ਜਾਂ ਵੱਧ ਨਹੀਂ।
3. ਕਿਸੇ ਵੀ ਰਾਗ ਵਿੱਚ ਸ਼ੜਜ 'ਸ' ਸਵਰ ਕਦੇ ਵੀ ਵਰਜਿਤ ਨਹੀਂ ਹੁੰਦਾ। ਕਿਉਂਕਿ ਇਹ ਸਪਤਕ ਦਾ ਆਧਾਰ ਸਵਰ (Key-note) ਹੁੰਦਾ ਹੈ।
4. ਰਾਗ ਵਿੱਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸਿਰਫ ਆਰੋਹ ਤੋਂ ਰਾਗ ਦੀ ਪਹਿਚਾਨ ਨਹੀਂ ਹੋ ਸਕਦੀ।
5. ਹਰੇਕ ਰਾਗ ਵਿੱਚ 'ਮ' ਅਤੇ 'ਪ' (ਮੱਧਮ ਅਤੇ ਪੰਚਮ) ਵਿੱਚ ਘੱਟੋਂ ਘੱਟ ਇੱਕ ਸਵਰ ਦਾ ਹੋਣਾ ਜ਼ਰੂਰੀ ਹੈ। ਦੋਵੇਂ ਸਵਰ ਇਕੱਠੇ ਕਦੇ ਵੀ ਵਰਜਿਤ ਨਹੀਂ ਹੋ ਸਕਦੇ। ਜੇਕਰ 'ਪ' ਦੇ ਨਾਲ ਸ਼ੁੱਧ ਮ ਵੀ ਵਰਜਿਤ ਹੈ ਤਾਂ ਉਸ ਰਾਗ ਵਿੱਚ ਤੀਵਰ ਮੇ ਲੱਗੇਗਾ।
6. ਰਾਗ ਵਿੱਚ ਕਿਸੇ ਵੀ ਸਵਰ ਦੇ ਦੋਵੇਂ ਰੂਪ ਇਕੱਠੇ ਪ੍ਰਯੋਗ ਨਹੀਂ ਹੋਣੇ ਚਾਹੀਦੇ। ਜਿਵੇਂ ਕੋਮਲ ਰੇ ਅਤੇ ਸ਼ੁੱਧ ਰੇ ਜਾਂ ਕੋਮਲ ਗ ਅਤੇ ਸ਼ੁੱਧ ਗ ਦੋਵੇਂ ਇੱਕ ਰਾਗ ਵਿੱਚ ਇਕੱਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ। ਪਰ ਇਹ ਸੰਭਵ ਹੈ ਕਿ ਆਰੋਹ ਵਿੱਚ ਸ਼ੁੱਧ ਪ੍ਰਯੋਗ ਕੀਤਾ ਜਾਵੇ ਅਤੇ ਅਵਰੋਹ ਵਿੱਚ ਕੋਮਲ ਸਵਰ।
7. ਰਾਗ ਵਿੱਚ ਆਰੋਹ ਅਤੇ ਅਵਰੋਹ ਦੇ ਸਵਰਾਂ ਦੀ ਗਿਣਤੀ ਵਿੱਚ ਭਿੰਨਤਾ ਕਾਰਣ ਰਾਗ ਦੀਆਂ ਮੁਖ ਤਿੰਨ ਜਾਤੀਆਂ ਅਤੇ ਨੌਂ ਉਪ ਜਾਤੀਆਂ ਹੁੰਦੀਆਂ ਹਨ।
8. ਹਰੇਕ ਰਾਗ ਵਿੱਚ ਆਰੋਹ ਅਵਰੋਹ, ਪਕੜ, ਸਮਾਂ, ਵਾਦੀ, ਸਮਵਾਦੀ ਦਾ ਹੋਣਾ ਜ਼ਰੂਰੀ ਹੈ।
9. ਰਾਗ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ।
10. ਰਾਗ ਥਾਟ ਤੋਂ ਉਤਪੰਨ (ਪੈਦਾ) ਹੁੰਦੇ ਹਨ। ਪਰ ਰਾਗ ਦਾ ਨਾਂ ਸੁਤੰਤਰ ਹੁੰਦਾ ਹੈ, ਭਾਵ ਰਾਗ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ।
11. ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਦਾ ਮੰਨੇ ਗਏ ਹਨ ਇਸ ਲਈ ਹਰ ਰਾਗ ਨੂੰ ਜੰਨਿਅ ਰਾਗ ਕਿਹਾ ਜਾਂਦਾ ਹੈ। ਜੰਨਿਅ ਦਾ ਅਰਥ ਹੈ, ਜੋ ਪੈਦਾ ਹੋਇਆ ਹੋਵੇ।



Downloaded from https:// www.studiestoday.com

Downloaded from https:// www.studiestoday.com

12. 72 ਥਾਟਾ ਦੇ ਅਨੁਸਾਰ ਅੱਰੋਹ-ਅਵਰੋਹ ਕਰਨ ਤੋਂ ਗਣਿਤ ਦੇ ਆਧਾਰ ਤੇ 34848 ਰਾਗਾ ਦੀ ਉਤਪੱਤੀ ਹੋ ਸਕਦੀ ਹੈ।ਪਰ ਅੱਜਕੱਲ੍ਹ ਪ੍ਰਚਾਰ ਵਿੱਚ ਸਿਰਫ 150,200 ਰਾਗ ਹੀ ਹਨ।

### ਥਾਟ ਦੇ ਨਿਯਮ

1. ਥਾਟ ਦੀ ਉਤਪੱਤੀ ਸਪਤਕ ਦੇ ਸੱਤ ਸਵਰਾਂ ਤੋਂ ਹੁੰਦੀ ਹੈ।ਇਨ੍ਹਾਂ ਸਵਰਾਂ ਵਿੱਚ ਕਿਸੇ ਸਵਰ ਦਾ ਸ਼ੁੱਧ ਜਾਂ ਵਿਕ੍ਰਿਤ ਰੂਪ ਪ੍ਰਯੋਗ ਹੋ ਸਕਦਾ ਹੈ।
2. ਹਰੇਕ ਥਾਟ ਵਿੱਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸਤ ਸਵਰ ਹੀ ਹੋਣੇ ਚਾਹੀਦੇ ਹਨ। ਕਿਉਂਕਿ ਜੇਕਰ ਥਾਟ ਸਮਪੂਰਣ (ਸਤ ਸਵਰ) ਨਹੀਂ ਰਹਿੰਦਾ ਤਾਂ ਉਹ ਸਮਪੂਰਣ ਰਾਗ ਦੇ ਉਤਪੱਤੀ ਨਹੀਂ ਕਰ ਸਕੇਗਾ।
3. ਥਾਟ ਸਮਪੂਰਣ ਹੋਣੇ ਚਾਹੀਦੇ ਹਨ ਅਤੇ ਸਵਰ ਵੀ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ।
4. ਕਿਸੇ ਵੀ ਥਾਟ ਵਿੱਚ ਆਰੋਹ-ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਨਹੀਂ ਹੈ। ਕਿਉਂਕਿ ਹਰੇਕ ਥਾਟ ਦੇ ਆਰੋਹ-ਅਵਰੋਹ ਵਿੱਚ ਕੋਈ ਫਰਕ (ਅੰਤਰ) ਨਹੀਂ ਹੁੰਦਾ ਸਿਰਫ਼ ਆਰੋਹ ਜਾਂ ਅਵਰੋਹ ਦੇਖਣ ਤੋਂ ਹੀ ਥਾਟ ਦਾ ਪਤਾ ਲੱਗ ਜਾਂਦਾ ਹੈ।
5. ਥਾਟ ਵਿੱਚ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ।
6. ਥਾਟ ਵਿਚ ਇੱਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਹੈ।ਕਿਉਂਕਿ ਥ ਗਾਏ ਵਜਾਏ ਨਹੀਂ ਜਾਂਦੇ।
7. ਥਾਟ ਦੀਆਂ ਕੋਈ ਜਾਤੀਆਂ ਨਹੀਂ ਹੁੰਦੀਆਂ।
8. ਥਾਟ ਗਾਏ-ਵਜਾਏ ਨਹੀਂ ਜਾਂਦੇ ਇਸ ਕਾਰਣ ਸਮਾਂ, ਪਕੜ ਆਦਿ ਦੀ ਜ਼ਰੂਰਤ ਨਹੀਂ ਹੈ।
9. ਇਨ੍ਹਾਂ ਵਿੱਚ ਰੰਜਕਤਾ ਦੀ ਲੋੜ ਨਹੀਂ।ਕਿਉਂਕਿ ਇਹ ਗਾਏ-ਵਜਾਏ ਨਹੀਂ ਜਾਂਦੇ।
10. ਥਾਟ ਦਾ ਨਾਮ ਕਰਣ ਉਸ ਤੋਂ ਨਿਕਲੇ ਕਿਸੀ ਪ੍ਰਸਿੱਧ ਰਾਗ ਦੇ ਨਾਮ ਤੇ ਕੀਤਾ ਜਾਂਦਾ ਹੈ।
11. ਹਰੇਕ ਰਾਗ ਕਿਸੀ ਨ ਕਿਸੀ ਥਾਟ ਤੋਂ ਪੈਦਾ ਮੰਨਿਆ ਗਿਆ ਹੈ।ਇਸ ਲਈ ਹਰੇਕ ਥਾਟ ਨੂੰ ਜਨਕ ਥਾਟ ਕਿਹਾ ਜਾਂਦਾ ਹੈ।'ਜਨਕ' ਦਾ ਅਰਥ ਹੈ ਪਿਤਾ ਜਿਨ੍ਹਾਂ ਥਾਟਾਂ ਤੋਂ ਰਾਗ ਪੈਦਾ ਹੋਏ ਹੋਣ।
12. ਸਪਤਕ ਦੇ ਸ਼ੁੱਧ ਅਤੇ ਵਿਕ੍ਰਿਤ 12 ਸਵਰਾਂ ਤੋਂ ਗਣਿਤ ਦੇ ਆਧਾਰ ਤੇ 72 ਥਾਟਾਂ ਦੀ ਉੱਤਪੱਤੀ ਹੋ ਸਕਦੀ ਹੈ।ਹਿੰਦੁਸਤਾਨੀ ਸੰਗੀਤ ਪੱਧਤੀ ਵਿੱਚ ਇਹ 72 ਥਾਟਾਂ ਵਿੱਚੋਂ ਕੁੱਲ 10 ਥਾਟਾਂ ਦਾ ਹੀ ਪ੍ਰਚਲਨ ਹੈ।

### ਪਾਠ ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ—**

1. ਉੱਤਰੀ ਭਾਰਤੀ ਸੰਗੀਤ ਵਿੱਚ ਕਿੰਨੇ ਥਾਟ ਪ੍ਰਚਲਿਤ ਹਨ ?
2. ਕੀ ਥਾਟ ਗਾਏ-ਵਜਾਏ ਜਾਂਦੇ ਹਨ ?
3. ਗਣਿਤ ਦੇ ਆਧਾਰ ਤੇ ਕੁਝ ਕਿੰਨੇ ਥਾਟ ਬਣਦੇ ਹਨ ?
4. ਕੀ ਰਾਗ ਗਾਏ ਵਜਾਏ ਜਾਂਦੇ ਹਨ ?
5. ਰਾਗ ਵਿੱਚ ਘੱਟ ਤੋਂ ਘੱਟ ਕਿੰਨੇ ਸਵਰ ਪ੍ਰਯੋਗ ਹੁੰਦੇ ਹਨ ?
6. ਕੀ ਰਾਗ ਵਿੱਚ ਅਰੋਹ-ਅਵਰੋਹ ਦੋਨਾ ਦਾ ਹੋਣਾ ਜਰੂਰੀ ਹੈ ?
7. ਥਾਟ ਵਿੱਚ ਕਿਸ ਨੂੰ ਉਤਪਨ ਕਰਨ ਦੀ ਸ਼ਕਤੀ ਹੁੰਦੀ ਹੈ।

**ਅਧਿਆਪਕ ਲਈ —**

1. ਵਿਦਿਆਰਥੀਆਂ ਨੂੰ ਕਾਪੀ ਤੇ ਥਾਟ ਤੇ ਰਾਗ ਦੇ ਨਿਯਮ ਲਿਖਵਾਏ ਜਾਣ।
2. ਥਾਟ ਤੇ ਰਾਗ ਦੇ ਨਿਯਮਾ ਦਾ ਚਾਰਟ ਬਣਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

ਪਾਠ - 9

# ਪੰਜਾਬ ਦੇ ਲੋਕ ਸਾਜ

ਸਾਡਾ ਸਮੁੱਚਾ ਸੰਗੀਤ ਸਾਜਾਂ ਦੇ ਸਹਿਯੋਗ ਨਾਲ ਅੱਗੇ ਤੁਰਦਾ ਹੈ। ਪੰਜਾਬ ਪ੍ਰਾਂਤ ਇਸ ਤਰ੍ਹਾਂ ਦਾ ਪ੍ਰਾਂਤ ਹੈ। ਜਿੱਥੇ ਕਈ ਤਿਉਹਾਰ ਜਿਵੇਂ ਵਿਸਾਖੀ, ਲੋਹੜੀ, ਬਸੰਤ ਰੁੱਤ ਦਾ, ਵਿਆਹ ਸ਼ਾਦੀਆਂ ਤੇ ਗਾਏ ਜਾਣ ਵਾਲੇ ਗੀਤ, ਖੁਸ਼ੀ ਤੇ ਪਾਏ ਜਾਣ ਵਾਲੇ ਲੋਕ ਨਾਚ ਜਿਵੇਂ ਗਿੱਧਾ, ਭੰਗੜਾ, ਮਲਵਈ ਗਿੱਧਾ, ਲੁੱਡੀ, ਗੁਰਦੁਆਰਿਆਂ ਤੇ ਮੰਦਰਾਂ ਵਿੱਚ ਉੱਚਾਰਨ ਕੀਤੇ ਜਾਣ ਵਾਲੇ ਸ਼ਬਦ, ਭਜਨ, ਪੰਜਾਬ ਦੀਆਂ ਪ੍ਰਸਿੱਧ ਲੋਕ ਕਥਾਵਾਂ ਜਿਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਲਕੀ ਆਦਿ ਇਹਨਾਂ ਸਾਰਿਆਂ ਨਾਲ ਭਿੰਨ-ਭਿੰਨ ਤਰ੍ਹਾਂ ਦੇ ਲੋਕਸਾਜ਼ ਲੈਅ ਤੇ ਤਾਲ ਦੇਣ ਲਈ ਵਰਤੇ ਜਾਂਦੇ ਹਨ। ਇਹ ਸਾਰੇ ਲੋਕ ਸਾਜ਼ਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਪੰਜਾਬ ਪ੍ਰਾਂਤ ਵਿੱਚ ਵੀ ਚਾਰ ਤਰ੍ਹਾਂ ਦੇ ਸਾਜ਼ ਵਰਤੇ ਜਾਂਦੇ ਹਨ ਅਤੇ ਇਹਨਾਂ ਦੇ ਬਹੁਤ ਪ੍ਰਚਲਨ ਵੀ ਹੈ। ਜਿਸ ਵਿੱਚ ਸਿਤਾਰ, ਵੀਣਾ, ਸਾਰੰਗੀ ਤੱਤ ਵਾਦ ਜਾਂ ਤੰਤੀ ਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਇਨ੍ਹਾਂ ਸਾਜਾਂ ਦਾ ਪ੍ਰਯੋਗ ਰਾਜ ਜਾਂ ਕਿਸੀ ਹੋਰ ਚੀਜ਼ ਨਾਲ ਤਾਰ ਤੇ ਕੀਤਾ ਜਾਂਦਾ ਹੈ। ਦੂਜੀ ਸ਼੍ਰੇਣੀ ਹੈ ਅਵਨਦ ਵਾਦ, ਇਸ ਸ਼੍ਰੇਣੀ ਵਿੱਚ ਚਮੜੇ ਦੀ ਖਲ ਤੋਂ ਮੜੇ ਸਾਜ਼ ਦੀਆਂ ਹੈ। ਜਿਵੇਂ ਢੋਲ, ਢੋਲਕੀ, ਤਬਲਾ, ਢੱਡ ਆਦਿ। ਤੀਸਰੀ ਸ਼੍ਰੇਣੀ ਵਿੱਚ ਸੁਸ਼ਿਰਵਾਦ ਆਉਂਦੇ ਹਨ। ਇਨ੍ਹਾਂ ਵਾਦਾਂ ਵਿੱਚ ਹਵਾ ਭਰਨ ਤੇ ਧੁੰਨੀ ਪੈਦਾ ਕਰਦੇ ਹਨ। ਭਾਵੇਂ ਇਹ ਹਵਾ ਮੂੰਹ ਨਾਲ ਭਰੀ ਜਾਵੇ ਜਾਂ ਹੱਥ ਦਾ ਪ੍ਰਯੋਗ ਕਰਕੇ, ਜਿਵੇਂ ਬੰਸੁਰੀ ਹਰਮੋਨੀਅਮ, ਸਹਿਨਾਈ, ਬੀਨ ਆਦਿ, ਚੋਥੀ ਸ਼੍ਰੇਣੀ ਵਿੱਚ ਘੱਨਵਾਦ ਆਉਂਦੇ ਹਨ ਜੋ ਆਪਸੀ ਰਾਗ ਤੋਂ ਵੱਜਦੇ ਹਨ। ਜਿਵੇਂ ਪੜਤਾਲ, ਚਿਮਟਾ, ਮੰਜੀਰਾ ਛੁਣਛੁਣਾਂ ਆਦਿ। ਇਨ੍ਹਾਂ ਚਾਰੋਂ ਸ਼੍ਰੇਣੀ ਦੇ ਲੋਕ ਸਾਜ਼ਾਂ ਨਾਲ ਹੀ ਪੰਜਾਬ ਪ੍ਰਾਂਤ ਦਾ ਸੰਗੀਤ ਅੱਗੇ ਤੁਰਦਾ ਹੈ। ਇਸ ਲਈ ਇਨ੍ਹਾਂ ਸਾਜ਼ਾਂ ਨੂੰ ਪਰੰਪਰਿਕ ਢੰਗ ਨਾਲ ਵਜਾਇਆ ਜਾਣਾ ਹੈ। ਪੰਜਾਬ ਪ੍ਰਾਂਤ ਵਿੱਚ ਵਰਤੇ ਜਾਂਦੇ ਕੁੱਝ ਲੋਕ ਸਾਜਾਂ ਬਾਰੇ ਅਸੀਂ ਗੱਲ ਕਰਾਂਗੇ ਜੋ ਹੇਠ ਲਿਖੇ ਹਨ।



**1. ਢੋਲ**— ਪੰਜਾਬ ਦੇ ਲੋਕ ਸਾਜ਼ਾਂ ਵਿੱਚੋਂ ਢੋਲ ਬਹੁਤ ਹੀ ਮਹੱਤਵਪੂਰਣ ਸਾਜ਼ ਹੈ ਇਹ ਸਾਜ਼ ਅਵਨਦ ਸਾਜ਼ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਜਿੱਥੇ ਢੋਲ ਵੀਰਤਾ ਦਾ ਪ੍ਰਤੀਕ ਹੈ। ਉੱਥੇ ਸਮਾਜਿਕ ਜੀਵਨ ਵਿੱਚ ਵੀ ਉਤਸਾਹ ਦਾ ਪ੍ਰਤੀਕ ਹੈ। ਇਸ ਦਾ ਪ੍ਰਯੋਗ ਲੋਕਗੀਤ, ਲੋਕ ਨਾਚ, ਭੰਗੜਾ, ਗਿੱਧਾ, ਮਲਵਈ ਗਿੱਧਾ, ਲੁੱਡੀ ਅਖਾੜਿਆਂ ਗੱਤਕੇ ਨਾਲ ਬਹੁਖੂਬੀ ਕੀਤਾ ਜਾਂਦਾ ਹੈ। ਜਦੋਂ ਇਹ ਸਾਜ ਵੱਜਦਾ ਹੈ ਤਾਂ ਆਪ ਮੁਹਾਰੇ ਹੀ ਪੈਰ ਥਿਰਕਣ ਲੱਗ ਜਾਂਦੇ ਹਨ ਅਤੇ ਮੋਡੇ ਫਰਕਣ ਲੱਗ ਜਾਂਦੇ ਹਨ। ਢੋਲ ਅੰਦਰ ਤੋਂ ਖੋਖਾ ਹੁੰਦਾ ਹੈ ਅਤੇ ਇਹ ਲੱਕੜੀ ਦਾ ਬਣਿਆ ਹੁੰਦਾ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ, ਸੱਜਾ ਅਤੇ ਖੱਬਾ। ਇਹ ਦੋਵੇਂ ਹਿੱਸੇ ਬਕਰੇ ਦੀ ਖੱਲ ਨਾਲ ਮੜੇ ਹੁੰਦੇ ਹਨ। ਚਮੜੇ ਨੂੰ ਕੱਸਣ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਸੱਜੇ ਪਾਸੇ ਦੇ ਢੋਲ ਨੂੰ ਉੱਚ ਸਵਰ ਵਿੱਚ ਅਤੇ ਖੱਬੇ ਪਾਸੇ ਦੇ ਢੋਲ ਨੂੰ ਨੀਵੇਂ ਸਵਰ ਨਾਲ ਮਿਲਾਇਆ ਜਾਂਦਾ ਹੈ। ਸਵਰ ਉੱਚਾ ਨੀਵਾਂ ਕਰਨ ਲਈ ਰੱਸੀ ਦੀ



Downloaded from https:// www.studiestoday.com

Downloaded from https:// www.studiestoday.com

ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿੱਚ ਛੱਲੇ ਪਾਏ ਜਾਂਦੇ ਹਨ। ਇਨ੍ਹਾਂ ਛੱਲਿਆਂ ਨੂੰ ਕੱਸਣ ਤੇ ਸਵਰ ਉੱਚ ਨੀਵਾਂ ਹੁੰਦਾ ਹੈ। ਢੋਲ ਨੂੰ ਰੱਸੀ ਨਾਲ ਪਰੋ ਕੇ ਮੋਢੇ ਤੇ ਰੱਸੀ ਨਾਲ ਲਟਕਾ ਕੇ ਲੱਕੜੀ ਜਾਂ ਬਾਂਸ ਦੀਆਂ ਛੜੀਅ ਨਾਲ ਵਜਾਇਆ ਜਾਂਦਾ ਹੈ। ਢੋਲ ਦੇ ਖੱਬੇ ਪਾਸੇ ਹਾਕੀ ਦੀ ਸ਼ਕਲ ਦੀ ਇੱਕ ਛੜ ਮਾਰੀ ਜਾਂਦੀ ਹੈ ਜਿਸ ਨੂੰ ਡਗ ਕਹਿੰਦੇ ਹਨ। ਢੋਲ ਤੇ ਕਹਿਰਵਾ ਤਾਲ, ਦਾਦਰਾ, ਭੰਗੜਾ ਤਾਲ ਆਦਿ ਵਜਾਈਆਂ ਜਾਂਦੀਆਂ ਹਨ।

**ਢੋਲਕੀ**— ਪੰਜਾਬ ਦੇ ਲੋਕਗੀਤਾਂ ਵਿੱਚ ਢੋਲਕੀ ਦਾ ਖਾਸ ਸਥਾਨ ਹੈ। ਪੰਜਾਬ ਦਾ ਕੋਈ ਵੀ ਅਜਿਹ ਲੋਕਗੀਤ ਨਹੀਂ ਜਿਸ ਨਾਲ ਇਹ ਸਾਜ ਨਾ ਵੱਜਦਾ ਹੋਵੇ। ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ, ਵਿਆਹ ਸ਼ਾਦੀਆਂ ਤੇ ਗਾਏ ਜਾਣ ਵਾਲੇ ਲੋਕ ਗੀਤ, ਮੰਦਰਾਂ ਵਿੱਚ ਗਾਏ ਜਾਣ ਵਾਲੇ ਭਜਨ, ਜਗਰਾਤਿਆਂ ਵਿੱਚ ਗਾਏ ਜਾਣ ਵਾਲੇ ਭਜਨ, ਪ੍ਰਭਾਤਫੇਰੀਆਂ ਵਿੱਚ, ਗੁਰਦੁਆਰਿਆਂ ਵਿੱਚ ਸ਼ਬਦਾਂ ਦੇ ਨਾਲ ਇਸ ਸਾਜ਼ ਦੀ ਵਰਤੋਂ ਬਖੂਬੀ ਕੀਤੀ ਜਾਂਦੀ ਹੈ। ਢੋਲਕੀ ਸ਼ੀਸ਼ਮ, ਅੰਬ, ਸਾਗਵਾਨ, ਦੇਵਦਾਰ ਆਦਿ ਦੀ ਲੱਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ- ਸੱਜਾ ਅਤੇ ਖੱਬਾ। ਇਨ੍ਹਾਂ ਦੋਹਾਂ ਪਾਸਿਆਂ ਤੇ ਬਕਰੇ ਦੀ ਖੱਲ ਮੜੀ ਜਾਂਦੀ ਹੈ ਅਤੇ ਸੂਤ ਦੀਆਂ ਰੱਸੀਆਂ ਵਿੱਚ ਪਿੱਤਲ ਜਾਂ ਲੋਹੇ ਦੇ ਛੱਲੇ ਢੋਲਕੀ ਨੂੰ ਕੱਸਣ ਜਾਂ ਢਿੱਲਾ ਕਰਨ ਲਈ ਲਗਾਏ ਜਾਂਦੇ ਹਨ। ਢੋਲਕੀ ਦੇ ਸੱਜੇ ਮੂੰਹ ਤੇ ਅੰਦਰ ਖਾਸ ਕਿਸਮ ਦਾ ਮਸਾਲਾ ਲਗਾਇਆ ਜਾਂਦਾ ਹੈ। ਜਿਸ ਨਾਲ ਆਵਾਜ਼ ਭਾਰੀ ਨਿਕਲਦੀ ਹੈ। ਢੋਲਕੀ ਨੂੰ ਦੋਨੋਂ ਹੱਥਾਂ ਦੀਆਂ ਹਥੇਲਿਆਂ ਤੇ ਉਂਗਲੀਆਂ ਦੇ ਸਹਾਰੇ ਵਜਾਇਆ ਜਾਂਦਾ ਹੈ। ਕਈ ਵਾਰ ਵਾਦਕ ਇਸ ਨੂੰ ਹੋਰ ਰੋਚਕ ਬਣਾਉਣ ਲਈ ਅੰਗੂਠੇ ਵਿੱਚ ਛੱਲਾ ਜਾਂ ਗੁੱਟ ਤੇ ਘੁੰਘਰੂ ਬੰਨ ਲੈਂਦੇ ਹਨ ਜਦੋਂ ਢੋਲਕੀ ਵੱਜਦੀ ਹੈ ਤਾਂ ਛੱਲੇ ਤੇ ਘੁੰਘਰੂ ਦੀ ਆਵਾਜ਼ ਬਹੁਤ ਹੀ ਪ੍ਰਭਾਵਸ਼ਾਲੀ ਲੱਗਦੀ ਹੈ। ਢੋਲਕੀ ਦਾ ਪ੍ਰਯੋਗ ਲੋਕ-ਗੀਤਾਂ, ਲੋਕ ਗਾਥਾਵਾਂ ਜਿਵੇਂ ਮਲਕੀ, ਮਿਰਜ਼ਾ ਸਾਹਿਬਾ, ਜੱਗਾ ਆਦਿ ਨਾਲ ਵਜਾਈ ਜਾਂਦੀ ਹੈ।



**ਢੱਡ**— ਇਸ ਸਾਜ਼ ਦਾ ਪ੍ਰਯੋਗ ਪੰਜਾਬ ਵਿੱਚ ਬਹੁਤ ਕੀਤਾ ਜਾਂਦਾ ਹੈ। ਇਹ ਸਾਜ਼ ਬਹੁਤ ਹੀ ਪ੍ਰਾਚੀਨ ਸਾਜ਼ਾਂ ਵਿੱਚੋਂ ਇੱਕ ਹੈ। ਇਹ ਡਮਰੂ, ਡਰੂ, ਡਿਮਡਿਮ ਆਦਿ ਸਾਜਾਂ ਦੀ ਜਾਤੀ ਵਿੱਚੋਂ ਹੈ। ਇਸ ਸਾਜ਼ ਦੀ ਸੰਗੀਤ ਸਾਰੰਗੀ ਸਾਜ਼ ਨਾਲ ਜ਼ਿਆਦਾ ਕੀਤੀ ਜਾਂਦੀ ਹੈ। ਜਦੋਂ ਇਹ ਦੋਵੇਂ ਸਾਜ਼ (ਢੱਡ ਅਤੇ ਸਾਰੰਗੀ) ਇਕੱਠੇ ਵੱਜਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਪੰਜਾਬ ਦੇ ਢਾਡੀ, ਵਾਰਾਂ, ਕਲੀਆਂ, ਕਿੱਸੇ, ਧਾਰਮਿਕ ਗਾਥਾਵਾਂ ਆਦਿ ਨਾਲ ਢੱਡ ਸਾਜ਼ ਵਜਾਇਆ ਜਾਂਦਾ ਹੈ। ਢੱਡ, ਅੰਬ, ਸ਼ਹਿਤੂਤ, ਟਾਲੀ ਜਾਂ ਸ਼ੀਸ਼ਮ ਦੀ ਲੱਕੜੀ ਤੋਂ ਬਣਾਈ ਜਾਂਦੀ ਹੈ। ਇਸ ਦਾ ਵਿਚਕਾਰਲਾ ਭਾਗ ਅੰਦਰ ਨੂੰ ਹੁੰਦਾ ਹੈ। ਇਸ ਦੇ ਦੋਹੇਂ ਮੂੰਹ ਗੋਲਾਈ ਵਿੱਚ ਹੁੰਦੇ ਹਨ। ਜਿਸ ਉੱਤੇ ਚਮੜੇ ਤੇ ਪੁੜੇ ਚੜਾਏ ਜਾਂਦੇ ਹਨ। ਦੋਹਾਂ ਪਾਸਿਆਂ ਤੋਂ ਸੂਤ ਦੀ ਪਤਲੀ ਰੱਸੀ ਨਾਲ ਸਤ, ਅੱਠ ਥਾਵਾਂ ਤੋਂ





Downloaded from https:// www.studiestoday.com

Downloaded from https:// www.studiestoday.com

ਬੰਨਿਆ ਜਾਂਦਾ ਹੈ। ਇਸ ਵਿੱਚ ਰੱਸੀ ਵਾਧੂ ਤੇ ਲੰਬੀ ਰੱਖੀ ਜਾਂਦੀ ਹੈ। ਜਿਸ ਨੂੰ ਢੱਡ ਦੇ ਵਿਚਲੇ ਹਿੱਸੇ ਤੋਂ ਲਪੇਟ ਲਿਆ ਜਾਂਦਾ ਹੈ ਤੇ ਫਿਰ ਢੱਡ ਨੂੰ ਵਜਾਂਦੇ ਹੋਏ ਇਸ ਰੱਸੀ ਨੂੰ ਬਾਰ-ਬਾਰ ਖਿੱਚਿਆ ਜਾਂਦਾ ਹੈ ਤੇ ਢੱਡ ਢਿੱਲਾ ਕੀਤਾ ਜਾਂਦਾ ਹੈ। ਰੱਸੀ ਦੇ ਖਿੱਚੇ ਜਾਣ ਤੇ ਹੀ ਢੱਡ ਦੇ ਦੋਹਾਂ ਪਾਸਿਆਂ ਦਾ ਚਮੜਾ ਕੱਸਿਆ ਜਾਂਦਾ ਹੈ ਤੇ ਉਸ ਤੋਂ ਸੁਰ ਪੈਦਾ ਕੀਤਾ ਜਾਂਦਾ ਹੈ। ਵਾਦਕ ਇੱਕ ਹੱਥ ਵਿੱਚ ਡੱਢ ਨੂੰ ਫੜ ਕੇ ਤੇ ਦੂਜੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਉਂਦਾ ਹੈ ਤੇ ਬਾਰ-ਬਾਰ ਇਸਦੀ ਰੱਸੀ ਦੇ ਸਹਾਰੇ ਸੁਰ ਉੱਚਾ ਤੇ ਨੀਵਾਂ ਕਰਦਾ ਰਹਿੰਦਾ ਹੈ।



4. **ਸਾਰੰਗੀ—** ਜਿਵੇਂ ਸਾਰੰਗੀ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਸੌਰੰਗਾਵਾਲੀ। ਇਹ ਪੰਜਾਬ ਦਾ ਪ੍ਰਸਿੱਧ ਸਾਜ਼ ਹੈ। ਇਸ ਨੂੰ ਗੰਭੀਰ ਪ੍ਰਕਿਰਤੀ ਦਾ ਸਾਜ਼ ਮੰਨਿਆ ਗਿਆ ਹੈ। ਇਸ ਦਾ ਢੱਡ ਨਾਲ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ। ਇਸ ਦਾ ਪ੍ਰਯੋਗ ਵਾਰ, ਲੋਕ-ਗਾਥਾ, ਧਾਰਮਿਕ ਗਾਥਾਵਾਂ, ਸ਼ਾਸਤਰੀ ਸੰਗੀਤ, ਲੋਕਗੀਤਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿੱਚ ਸਾਰੰਗੀ ਨਾਲ ਤਬਲਾ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਲੱਕੜੀ ਨਾਲ ਘੜ ਕੇ ਬਣਾਇਆ ਜਾਂਦਾ ਹੈ। ਜਿਸ ਉੱਤੇ ਚਮੜਾ ਮੜ ਦਿੱਤਾ ਜਾਂਦਾ ਹੈ। ਇਸ ਚਮੜੇ ਤੇ ਊਠ ਦੀ ਹੱਡੀ ਦੀ ਘੋੜੀ ਟਿਕਾਈ ਜਾਂਦੀ ਹੈ। ਇਸ ਘੋੜੀ ਤੇ ਖੂੰਟਿਆਂ ਵੱਲੋਂ ਚਮੜੇ ਦੀਆਂ ਚਾਰ ਤਾਰਾਂ ਲਗਾਈਆਂ ਜਾਂਦੀਆਂ ਹਨ। ਸਾਰੰਗੀ ਨੂੰ ਕਮਾਨ ਦੀ ਮੱਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁਆਂ ਨਾਲ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਮਰਜ਼ੀ ਨਾਲ ਸੁਰ ਕੱਢੇ ਜਾਂਦੇ ਹਨ। ਇਸ ਸਾਜ਼ ਨੂੰ ਵਜਾਉਣਾ ਸੌਖਾ ਨਹੀਂ ਇਸ ਦੇ ਸਵਰ ਅਭਿਆਸ ਨਾਲ ਹੀ ਕੱਢੇ ਜਾ ਸਕਦੇ ਹਨ। ਅੱਜ ਦੇ ਨੌਜਵਾਨ ਇਸ ਨੂੰ ਬਹੁਖੂਬੀ ਨਾਲ ਵਜਾ ਰਹੇ ਹਨ। ਅੱਜ ਦੇ ਪ੍ਰਸਿੱਧ ਸਾਰੰਗੀ ਵਾਦਕਾਂ ਵਿੱਚੋਂ, ਮੋਹਨ ਸਿੰਘ ਸੀਤਲ, ਨਰਾਇਣ ਸਿੰਘ, ਦੀਦਾਰ ਸਿੰਘ, ਪਾਲ ਸਿੰਘ, ਮਾਮਰ ਸਿੰਘ ਆਦਿ।

**ਨਗਾੜਾ—** ਇਹ ਇੱਕ ਅਵਨਦ ਸਾਜ਼ ਹੈ। ਇਸ ਨੂੰ ਬਹੁਤ ਹੀ ਪ੍ਰਾਚੀਨ ਸਾਜ਼ ਮੰਨਿਆ ਜਾਂਦਾ ਹੈ। ਕਿਉਂਕਿ ਪਹਿਲਾਂ ਯੁੱਧਾਂ ਦੀ ਚਿਤਾਵਨੀ ਜਾਂ ਰਾਜੇ ਦੇ ਫ਼ੁਰਮਾਨ ਲਈ ਜਨਤਾ ਨੂੰ ਇਕੱਠਾ ਕਰਨ ਲਈ ਜਾਂ ਕੋਈ ਜਨਤਕ ਸੂਚਨਾ ਲਈ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਸਾਜ਼ ਤਾਲ ਪ੍ਰਧਾਨ, ਵੀਰ ਰਸ ਦਾ ਪ੍ਰਤੀਕ ਹੈ। ਪੰਜਾਬ ਵਿੱਚ ਗੁਰਦੁਆਰਿਆਂ ਵਿੱਚ ਜਾਂ ਧਾਰਮਿਕ ਸਮਾਰੋਹਾਂ ਵਿੱਚ ਇਸ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਖੋਲ ਲੋਹੇ ਦੇ ਧਾਤੂ ਤੋਂ ਬਣਿਆ ਹੁੰਦਾ ਹੈ ਅਤੇ ਇਸ ਦੇ ਉੱਪਰ ਮੱਝ ਦੀ ਖਲ ਮੜੀ ਹੁੰਦੀ ਹੈ। ਫਿਰ ਇਸ ਨੂੰ ਚਮੜੇ ਦੀ ਰੱਸੀ ਨਾਲ ਕੱਸ ਦਿੱਤਾ ਜਾਂਦਾ ਹੈ। ਇਸ ਤੇ ਵੀ ਸੂਤ ਦੀਆਂ ਅੱਠ ਤੋਂ ਦੱਸ ਬਦਰੀਆਂ ਮੜੀਆਂ ਜਾਂਦੀਆਂ ਹਨ। ਜਿਸ ਨਾਲ ਨਗਾੜੇ ਨੂੰ ਸੁਰ ਦਿੱਤਾ ਜਾਂਦਾ ਹੈ। ਨਗਾੜੇ ਨੂੰ ਤਪਾਈ ਤੇ ਰੱਖ ਕੇ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ।



**ਅਲਗੋਜ਼ਾ—** ਅਲਗੋਜ਼ੇ ਦਾ ਪੰਜਾਬ ਦੇ ਲੋਕ ਨਾਚਾਂ ਅਤੇ ਗੀਤਾਂ ਵਿੱਚ ਬਹੁਤ ਜ਼ਿਆਦਾ ਸਥਾਨ ਹੈ। ਲੋਕ



Downloaded from https:// www.studiestoday.com

Downloaded from https:// www.studiestoday.com



ਨਾਚਾਂ ਅਤੇ ਗੀਤਾਂ ਵਿੱਚ ਇਹ ਸਾਜ਼ ਦਾ ਰਚਨ ਲਗਾ ਦਿੰਦਾ ਹੈ। ਅਲਗੋਜ਼ਾ, ਬੰਸੁਰੀ, ਸ਼ਹਿਨਾਈ ਦੀ ਜਾਤੀ ਵਿੱਚੋਂ ਹੈ। ਇਹ ਸਾਜ਼ ਖੋਖਲੇ ..... ਤੋਂ ਬਣਾਇਆ ਜਾਂਦਾ ਹੈ। ਅਲਗੋਜ਼ੇ ਵਿੱਚ ਚਾਰ ਤੋਂ ਸੱਤ ਤੱਕ ਛੇਕ ਹੁੰਦੇ ਹਨ। ਉੱਪਰੋਂ ਇਕੱਠੀ ਫੂਕ ਮਾਰਨ ਤੋਂ ਦੋਹਾਂ ਅਲਗੋਜ਼ਿਆਂ ਵਿੱਚ ਧਵਨੀ ਪੈਦਾ ਹੁੰਦੀ ਹੈ। ਇਹ ਸਾਜ਼ ਦੋਹਾਂ ਹੱਥਾਂ ਤੋਂ ਫੜ ਕੇ ਵਜਾਇਆ ਜਾਂਦਾ ਹੈ। ਦੋਹਾਂ ਅਲਗੋਜ਼ਿਆਂ ਤੇ ਭਿੰਨ-ਭਿੰਨ ਉਂਗਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਸਾਜ਼ ਨੂੰ ਸੁਤੰਤਰ ਰੂਪ ਵਿੱਚ ਵਜਾਇਆ ਜਾਂਦਾ ਹੈ। ਇਸ ਸਾਜ਼ ਦਾ ਸਵਰ ਬਹੁਤ ਉੱਚਾ ਹੁੰਦਾ ਹੈ। ਇਸ ਲਈ ਗਾਇਕ ਨੂੰ ਉੱਚੇ ਸੁਰ ਵਿੱਚ ਗਾਣਾ ਪੈਂਦਾ ਹੈ। ਇਸ ਉੱਤੇ ਰੰਗ ਬਿਰੰਗੇ ਧਾਗਿਆਂ ਦੀਆਂ ਗੁੱਤਾਂ ਬਣਾ ਕੇ ਸਜਾਵਟ ਕੀਤੀ ਜਾਂਦੀ ਹੈ। ਪੰਜਾਬ ਵਿੱਚ ਇਸ ਸਾਜ਼ ਦੀ ਵਰਤੋਂ ਗਿੱਧੇ, ਭੰਗੜੇ ਦੀਆਂ ਬੋਲੀਆਂ ਨਾਲ ਕੀਤੀ ਜਾਂਦੀ ਹੈ।

**ਬੰਸੁਰੀ**— ਬੰਸੁਰੀ ਬਹੁਤ ਹੀ ਪ੍ਰਾਚੀਨ ਸਾਜ਼ ਹੈ। ਪੰਜਾਬ ਦੇ ਮੰਦਰਾਂ 'ਚ ਲੋਕ ਨਾਚਾਂ, ਲੋਕ ਗਥਾਵਾਂ ਵਿੱਚ ਪ੍ਰਯੋਗ ਕੀਤੀ ਜਾਂਦੀ ਹੈ। ਹੀਰ ਰਾਂਝਾ ਵਿੱਚ ਬੰਸੁਰੀ ਨੂੰ ਰਾਂਝੇ ਦੀ ਵੰਝਲੀ ਕਿਹਾ ਗਿਆ ਹੈ। ਕਿਉਂਕਿ ਰਾਂਝਾ ਆਪ ਬੰਸੁਰੀ ਵਜਾਉਂਦਾ ਸੀ। ਬੰਸੁਰੀ ਬਾਂਸ ਜਾਂ ਹੋਰ ਧਾਤਾਂ ਦੀ ਬਣਾਈ ਜਾਂਦੀ ਹੈ, ਪਰ ਬਾਂਸ ਦੀ ਬੰਸੁਰੀ ਨੂੰ ਚੰਗਾ ਮੰਨਿਆ ਜਾਂਦਾ ਹੈ। ਪਰ ਇਹ ਗਰਮੀ ਦੇ ਮੌਸਮ ਵਿੱਚ ਭਿੜਕ ਕੇ ਫੱਟ ਜਾਂਦੀ ਹੈ। ਪੰਜਾਬ ਵਿੱਚ



ਬਾਂਸ ਦੀ ਬੰਸੁਰੀ ਹੀ ਪ੍ਰਚਲਿਤ ਹੈ। ਇਸ ਦੇ ਦੋਵੇਂ ਪਾਸੇ ਬਾਂਸ ਦੀ ਗੰਢ ਨਾਲ ਬੰਦ ਹੁੰਦੇ ਹਨ। ਬੰਸੁਰੀ ਦੇ ਖੱਬੇ ਪਾਸੇ ਇੱਕ ਦੋ ਇੰਚ ਜਗ੍ਹਾ ਛੱਡ ਕੇ ਸੁਰਾਖ ਕੀਤੇ ਜਾਂਦੇ ਹਨ। ਇਸ ਰਾਹੀਂ ਵਾਦਕ ਬੰਸੁਰੀ ਵਿੱਚ ਹਵਾ ਭਰ ਕੇ ਵਾਦਕ ਬੰਸੁਰੀ ਨੂੰ ਦੋਹੇਂ ਹੱਥਾਂ ਨਾਲ ਵਜਾਉਂਦਾ ਹੈ। ਬੰਸੁਰੀ ਨੂੰ ਫੜਨ ਵਾਸਤੇ ਸੱਜੇ ਹੱਥ ਦੀਆਂ ਉਂਗਲਾਂ ਨੂੰ ਹੇਠਲੇ ਤਿੰਨ ਸੁਰਾਖਾਂ ਉੱਤੇ ਟਿਕਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਤਿੰਨ ਉਂਗਲਾਂ ਨੂੰ ਉਪਰਲੇ ਤਿੰਨ ਸੁਰਾਖਾਂ ਉੱਤੇ ਰੱਖੀਆਂ ਜਾਂਦੀਆਂ ਹਨ। ਜਦੋਂ ਸਾਰੇ ਸੁਰਾਖ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ ਤਾਂ ਹਲਕੀ ਜਿਹੀ ਫੂਕ ਲਗਾਈ ਜਾਂਦੀ ਹੈ ਤੇ ਹੇਠਾਂ ਤੋਂ ਇੱਕ-ਇੱਕ ਸੁਰਾਖ ਖੁੱਲਦੇ ਜਾਂਦੇ ਹਨ ਤੇ ਸੁਰ ਪੈਦਾ ਕੀਤੇ ਜਾਂਦੇ ਹਨ। ਬੰਸੁਰੀ ਉੱਤੇ ਪੁਰਾਣੇ ਗੀਤਾਂ ਦੀਆਂ ਧੁਨਾਂ, ਲੋਕ ਗੀਤ ਲੋਕਗਾਥਾਵਾਂ, ਹੀਰ ਰਾਂਝਾ, ਸੱਸੀ-ਪੁੰਨੂੰ, ਮਿਰਜ਼ਾ ਸਾਹਿਬਾਂ ਦੇ ਕਿੱਸੇ ਵੀ ਗਾਏ ਜਾਂਦੇ ਹਨ।

**ਤੂੰਬੀ**— ਤੂੰਬੀ ਪੰਜਾਬ ਦਾ ਬਹੁਤ ਪ੍ਰਾਚੀਨ ਸਾਜ਼ ਹੈ। ਇਹ ਸਾਜ਼ ਲੋਕੀ ਜਾਂ ਕੱਦੂ ਨੂੰ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਉੱਤੇ ਇੱਕ ਫੁੱਟ ਤੋਂ ਡੇਢ ਫੁੱਟ ਤੱਕ ਦਾ ਲੰਬਾ ਲੱਕੜੀ ਦਾ ਡਾਂਡ ਲਗਾਇਆ ਜਾਂਦਾ ਹੈ। ਖੋਲ ਦੀ ਚੌੜਾਈ ਦਸ ਸੈਂਟੀਮੀਟਰ ਤੱਕ ਦੀ ਹੁੰਦੀ ਹੈ। ਖੋਲ ਦੇ ਮੂੰਹ ਤੇ ਚਮੜੇ ਦੀ ਪਤਲੀ ਖੱਲ ਚੜ੍ਹਾਈ ਹੁੰਦੀ ਹੈ। ਡਾਂਡ ਦੇ ਉੱਪਰਲੇ ਪਾਸੇ ਖੱਬੇ ਹੱਥ ਦੀ ਲੱਕੜੀ





Downloaded from https:// www.studiestoday.com

Downloaded from https:// www.studiestoday.com

ਤੇ ਇੱਕ ਖੂੰਟੀ ਲਗਾਈ ਜਾਂਦੀ ਹੈ। ਇਸ ਖੂੰਟੀ ਵਿੱਚੋਂ ਤਾਰ ਨੂੰ ਪਰੋ ਕੇ ਲੱਕੜੀ ਦੀ ਖੋਲ ਵਿੱਚੋਂ ਨਿਕਲੇ ਵਾਧੂ ਡੰਡੇ ਨਾਲ ਬੰਨੀ ਜਾਂਦੀ ਹੈ। ਚਮੜੇ ਦੀ ਖੱਲ ਉੱਤੇ ਬਾਂਸ ਜਾਂ ਲੱਕੜੀ ਦਾ ਇੱਕ ਟੁਕੜਾ ਰੱਖਿਆ ਜਾਂਦਾ ਹੈ। ਜਿਸ ਨੂੰ ਘੋੜੀ ਕਹਿੰਦੇ ਹਨ। ਖੂੰਟੀ ਨੂੰ ਘੁਮਾਉਣ ਨਾਲ ਆਵਾਜ਼ ਵਿੱਚ ਉਤਾਰ ਚੜਾਵ ਆਉਂਦਾ ਹੈ। ਇਸ ਸਾਜ਼ ਨੂੰ ਸੱਜੇ ਹੱਥ ਦੀ ਪਹਿਲੀ ਉੱਗਲ ਵਿੱਚ ਮਿਜ਼ਰਾਬ ਪਾ ਕੇ ਵਜਾਇਆ ਜਾਂਦਾ ਹੈ। ਪੰਜਾਬੀ ਲੋਕਗੀਤਾਂ ਵਿੱਚ ਜੋ ਸਥਾਨ ਇਸ ਸਾਜ਼ ਨੂੰ ਹੈ ਸ਼ਾਇਦ ਹੀ ਕਿਸੇ ਹੋਰ ਸਾਜ਼ ਨੂੰ ਪ੍ਰਾਪਤ ਹੋਵੇ।



**ਚਿਮਟਾ—** ਚਿਮਟਾ ਇੱਕ ਪ੍ਰਸਿੱਧ ਲੋਕ ਸਾਜ਼ ਹੈ। ਇਸ ਸਾਜ਼ ਨੂੰ ਭਜਨ, ਭੰਗੜੇ, ਕੀਰਤਨ, ਨਗਰ ਕੀਰਤਨ, ਪ੍ਰਭਾਤਫੇਰੀ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਚਿਮਟੇ ਦੀ ਲੰਬਾਈ 4 ਫੁੱਟ ਤੱਕ ਦੀ ਹੁੰਦੀ ਹੈ ਅਤੇ ਇਹ ਲੋਹੇ ਦਾ ਹੁੰਦਾ ਹੈ ਇਸ ਦੇ ਉਪਰਲੇ ਪਾਸੇ ਲੋਹੇ ਦਾ ਇੱਕ ਗੋਲ ਕੜਾ ਪਾਇਆ ਜਾਂਦਾ ਹੈ। ਇਸ ਕੜੇ ਨੂੰ ਖੱਬੇ ਹੱਥ ਨਾਲ ਚਿਮਟੇ ਤੇ ਮਾਰਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਦੋਨਾਂ ਪਤਰਿਆਂ ਨੂੰ ਆਪਸ ਵਿੱਚ ਰਗੜਿਆ ਜਾਂਦਾ ਹੈ। ਚਿਮਟੇ ਦੇ ਦੋਨੋਂ ਪਤਰਿਆਂ ਵਿੱਚ ਸੱਤ ਤੋਂ ਅੱਠ ਜਗ੍ਹਾ ਤੇ ਲੋਹੇ ਜਾਂ ਪਿੱਤਲ ਦੇ ਛੱਲੇ ਲਗਾਏ ਜਾਂਦੇ ਹਨ ਜੋ ਦੋਨਾਂ ਪਤਰਿਆਂ ਨੂੰ ਆਪਸ ਟਕਰਾਇਆ ਜਾਂਦਾ ਹੈ ਤੇ ਬਹੁਤ ਧੁਨੀ ਨਿਕਲਦੀ ਹੈ। ਵੱਡੇ ਚਿਮਟੇ ਦੇ ਆਕਾਰ ਦੇ ਛੈਣੇ ਦਿਹਾਤੀ ਵਾਜੇ ਨਾਲ ਅਤੇ ਛੋਟੇ ਆਕਾਰ ਦੇ ਛੈਣੇ ਵਾਲੇ ਚਿਮਟਿਆਂ ਦੀ ਵਰਤੋਂ ਭੰਗੜੇ, ਕੀਰਤਨ ਤੇ ਭਜਨ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ ਵਿੱਚ ਇਸ ਨੂੰ ਇੱਕ ਹੱਥ ਨਾਲ ਵਜਾਉਂਦੇ ਹਨ ਤੇ ਆਪ ਵੀ ... ਵਿੱਚ ਆਉਂਦੇ ਹਨ।



